ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**
**ISSN: 2584-0509**


# ਪੰਜਾਬੀ ਦਲਿਤ ਸ੍ਵੈ-ਜੀਵਨੀ ਵਿਚ ਦਲਿਤ ਪਛਾਣ ਦਾ ਭਾਸ਼ਾਈ ਅਤੇ ਸਭਿਆਚਾਰਕ ਪ੍ਰਵਚਨ

## (ਚੋਣਵੀਆਂ ਦਲਿਤ ਸ੍ਵੈ-ਜੀਵਨੀਆਂ ਦੇ ਵਿਸ਼ੇਸ਼ ਸੰਦਰਭ ਵਿਚ)



ਸੁਖਚੈਨ ਸਿੰਘ
ਸਹਾਇਕ ਪ੍ਰਫੈਸਰ
ਸਰਕਾਰੀ ਮਹਿੰਦਰਾ ਕਾਲਜ
ਪਟਿਆਲਾ।
ਖੋਜਾਰਥੀ
ਪੰਜਾਬੀ ਵਿਭਾਗ
ਦਿੱਲੀ ਯੂਨਵਰਸਿਟੀ
ਦਿੱਲੀ।
+91 95309-22962

ਜਦੋਂ ਤੋਂ ਮਨੁੱਖੀ ਮਨ ਅੰਦਰ ਆਪਣੇ ਬਾਰੇ ਦੱਸਣ ਤੇ ਦੂਜਿਆਂ ਬਾਰੇ ਜਾਨਣ ਦੀ ਜਗਿਆਸਾ ਨੇ ਗਤੀ ਫੜ੍ਹੀ ਹੈ, ਉਦੋਂ ਤੋਂ ਹੀ ਉਸਦਾ ਵਾਹ ਖ਼ੁਦ ਨੂੰ ਦੂਜਿਆਂ ਤੋਂ ਸ਼੍ਰੇਸ਼ਟ, ਉੱਤਮ ਅਤੇ ਮਹਾਨ ਸਿੱਧ ਕਰਨ ਜਿਹੇ ਵਿਚਾਰਾਂ ਨਾਲ ਪਿਆ ਹੋਇਆ ਹੈ। ਪਹਿਲਾਂ-ਪਹਿਲ ਇਹ ਪਰੰਪਰਾ ਮੌਖਿਕ ਰੂਪ ਵਿਚ ਗਤੀਮਾਨ ਸੀ, ਪ੍ਰੰਤੂ ਅਜੋਕੇ ਸਮੇਂ ਵਿਚ ਇਹ ਸਾਹਿਤਕ ਕ੍ਰਿਤਾਂ ਦੇ ਰੂਪ ਵਿਚ ਪ੍ਰਵਾਨ ਚੜ੍ਹ ਰਹੀ ਹੈ। ਇਸਦਾ ਪ੍ਰਤੱਖ ਪ੍ਰਮਾਣ ਅਜੋਕੇ ਸਮੇਂ ਸ੍ਵੈ-ਜੀਵਨੀ ਸਾਹਿਤ ਦੀ ਵੱਡੇ ਪੱਧਰ ’ਤੇ ਸਿਰਜਣਕਾਰੀ ਹੈ।

ਦਰਅਸਲ ਸ੍ਵੈ-ਜੀਵਨੀ ਰੂਪਾਕਾਰਕ ਤੌਰ 'ਤੇ ਬਿਰਤਾਂਤਕ ਵਿਧਾ ਹੈ। ਇਸ ਸ੍ਵੈ-ਜੀਵਨੀਕਾਰ ਆਪਣੀ ਪਛਾਣ ਨੂੰ ਮੁੱਖ ਰੱਖਦਿਆਂ ਸਵੈ ਇੱਛਤ ਉਸਾਰ ਸਕਦਾ ਹੈ। ਸ੍ਵੈ-ਜੀਵਨੀ ਲੇਖਕ ਭਾਸ਼ਾ ਦੀ ਮੱਦਦ ਰਾਹੀਂ ਸ੍ਵੈ-ਜੀਵਨੀ ਵਿਚ ਸੱਚ ਦੀ ਘਾੜਤ ਕਰਦਾ ਹੈ। ਭਾਸ਼ਾ ਰਾਹੀਂ ਘੜੇ ਸੱਚ ਸਦਕਾ ਉਹ ਆਪਣੀ ਵਿਸ਼ੇਸ਼ ਪਛਾਣ ਦੇ ਸਭਿਆਚਾਰਕ ਸੱਚ ਨੂੰ ਪ੍ਰਵਚਨਿਕ ਸੱਚ ਮੁਤਾਬਿਕ ਢਾਲਦਾ ਹੈ। ਜਦੋਂ ਅਸੀਂ ਪੰਜਾਬੀ ਸ੍ਵੈ-ਜੀਵਨੀ ਸਾਹਿਤ ਦੇ ਖੇਤਰ ਵਿਚ ਸ੍ਵੈ-ਜੀਵਨੀ ਸੰਬੰਧੀ ਸਾਹਿਤਕਾਰਾਂ/ਵਿਦਵਾਨਾਂ/ਆਲੋਚਕਾਂ ਦੇ ਪਰਿਭਾਸ਼ਕ ਵਿਚਾਰਾਂ ਨੂੰ ਵਿਚਾਰਦੇ ਹਾਂ ਤਾਂ ਪੰਜਾਬੀ ਸਾਹਿਤਕਾਰ/ਵਿਦਵਾਨ/ਆਲੋਚਕ ਸ੍ਵੈ-ਜੀਵਨੀ ਨੂੰ ਨਿਰੋਲ ਸੱਚ ਦੀ ਪੇਸ਼ਕਾਰੀ ਕਰਨ ਵਾਲੀ ਸਹਿਤਕ ਵਿਧਾ ਵਜੋਂ ਤਵੱਜੋ ਦਿੰਦੇ ਹਨ। ਦੂਜੇ ਪਾਸੇ ਪੱਛਮੀ ਸਾਹਿਤ ਚਿੰਤਨ ਸ੍ਵੈ-ਜੀਵਨੀ ਨੂੰ ਗਾਲਪਨਿਕ ਵਿਧਾ ਵਜੋਂ ਪ੍ਰਵਾਨ ਕਰ ਚੁੱਕਾ ਹੈ। ਪੰਜਾਬੀ ਸ੍ਵੈ-ਜੀਵਨੀ ਸਾਹਿਤ ਦੀ ਬਿਰਤਾਂਤਕੀ ਪੜ੍ਹਤ ਵੀ ਇਸਨੂੰ ਗਲਪ ਸਾਬਿਤ ਕਰਦੀ ਹੈ, ਕਿਉਂਕਿ ਪੰਜਾਬੀ ਸ੍ਵੈ-ਜੀਵਨੀ ਸਾਹਿਤ ਗਾਲਪਨਿਕ ਵਿਧੀਆਂ ਰਾਹੀਂ ਉਸਰ ਕੇ ਲੇਖਕ ਦੀ ਵਿਚਾਰਧਾਰਾ ਦੇ ਅਨੁਸਾਰੀ ਹੋ ਕੇ, ਮਨ-ਇੱਛਤ ਪਛਾਣ ਦੇ ਪ੍ਰਵਚਨ ਨੂੰ ਵਿਸ਼ੇਸ਼ ਸਮੂਹ ਦੀ ਭਾਸ਼ਾ ਰਾਹੀਂ ਪੇਸ਼ ਕਰਦਾ ਹੈ। ਪੰਜਾਬੀ ਸ੍ਵੈ-ਜੀਵਨੀ ਸਾਹਿਤ ਵਿਚ ਪਛਾਣ ਦੇ ਪੱਖ ਤੋਂ ਦਲਿਤ ਸ੍ਵੈ-ਜੀਵਨੀ ਸਾਹਿਤ ਨੂੰ ਹਾਸ਼ੀਆਗਤ ਪਛਾਣ ਦੇ ਪ੍ਰਵਚਨ ਵਜੋਂ ਸਵੀਕਾਰਿਆ ਗਿਆ ਹੈ। ਰਾਜਨੀਤਿਕ ਸ਼ਹਿ ਮਿਲਣ ਲੱਗੀ ਤਾਂ ਇਹ ਦਲਿਤ ਮੁਕਤੀ ਦੇ ਪ੍ਰਵਚਨ ਵਿਚ ਢਲ ਕੇ ਵਿਸ਼ੇਸ਼ ਪਛਾਣ ਦੀ ਪੇਸ਼ਕਾਰੀ ਵੱਲ ਰੁਚਿਤ ਹੋ ਜਾਂਦਾ ਹੈ। ਜਿਸ ਦੇ ਸਿੱਟੇ ਵਜੋਂ ਦਲਿਤ ਸ੍ਵੈ- ਜੀਵਨੀ ਸਾਹਿਤ ‘ਸ੍ਵੈ’ ਦੇ ਨੁਕਤਾ-ਏ-ਨਿਗਾਹ ਤੋਂ ਆਪਣੇ ਸਮੂਹ ਦੀ ਹਾਲਤ ਨੂੰ



www.khojnama.com khojnamapb03@gmail.com

ਬਿਆਨਣ 'ਤੇ ਕੇਂਦਰਿਤ ਹੋ ਜਾਂਦਾ ਹੈ।

ਵਿਅਕਤੀ ਅਤੇ ਸਮਾਜ ਇਕ ਦੂਜੇ ਦੇ ਪੂਰਕ ਹਨ। ਜਿਸ ਭਾਸ਼ਾ ਦੀ ਵਰਤੋਂ ਵਿਅਕਤੀ ਆਪਣੇ ਅਹਿਸਾਸਾਂ, ਜਜ਼ਬਿਆਂ, ਸੱਧਰਾਂ ਅਤੇ ਕਿਸੇ ਹੋਰ ਭਾਵ ਨੂੰ ਵਿਅਕਤ ਕਰਨ ਲਈ ਕਰਦਾ ਹੈ, ਉਹ ਉਸਨੂੰ ਜੱਦੀ ਪੁਸ਼ਤੈਨੀ ਰੂਪ ਵਿਚ ਨਹੀਂ ਮਿਲਦੀ, ਸਗੋਂ ਉਹ ਉਸਨੂੰ ਉਸ ਸਮਾਜ ਵਿਚੋਂ ਮਿਲਦੀ ਹੈ, ਜਿਸ ਵਿਚ ਉਹ ਵਿਚਰਦਾ ਹੈ। ਕਿਸੇ ਵੀ ਸਾਹਿਤਕ ਕ੍ਰਿਤ ਦੇ ਹੋਂਦ ਵਿਚ ਆਉਣ ਦਾ ਮਾਧਿਅਮ ਭਾਸ਼ਾ ਹੁੰਦੀ ਹੈ। ਚਾਹੇ ਉਹ ਸਾਹਿਤਕ ਕ੍ਰਿਤ ਸ੍ਵੈ-ਜੀਵਨੀ ਹੀ ਕਿਉਂ ਨਾ ਹੋਵੇ, ਪਰ ਭਾਸ਼ਾ ਸੱਚ ਨੂੰ ਪੇਸ਼ ਨਹੀਂ ਕਰਦੀ ਸਗੋਂ ਇਕ ਵਿਸ਼ੇਸ਼ ਪਛਾਣ ਦੇ ਸੱਚ ਦੀ ਘਾੜਤ ਕਰਦੀ ਹੈ। ਫਿਰ ਭਾਸ਼ਾ ਅਤੇ ਸਭਿਆਚਾਰ ਮਿਲ ਕੇ ਵਿਅਕਤੀ ਦੀ ਵਿਸ਼ੇਸ਼ ਪਛਾਣ ਦੀ ਨਿਰਮਾਣਕਾਰੀ ਕਰਦੇ ਹਨ। ਜਿੰਨੀਆਂ ਵੀ ਧਾਰਨਾਵਾਂ ਵਿਅਕਤੀ ਖ਼ੁਦ ਬਾਰੇ ਘੜਦਾ ਹੈ, ਉਹ ਉਸ ਦੀਆਂ ਆਪਣੀਆਂ ਨਹੀਂ, ਸਗੋਂ ਦੂਜਿਆਂ ਦੇ ਤਜਰਬੇ ਵਿਚੋਂ ਉਸ ਨੂੰ ਪ੍ਰਾਪਤ ਹੁੰਦੀਆਂ ਹਨ। ਜਦੋਂ ਅਸੀਂ ਸ੍ਵੈ-ਜੀਵਨੀ ਅਤੇ ਮਨੁੱਖੀ ਪਛਾਣ ਦੀ ਅੰਤਰ-ਸੰਬੰਧਤਾ ਨੂੰ ਪੜਚੋਲਦੇ ਹਾਂ ਤਾਂ ਇਹ ਸੁਮੇਲਤਾ ਦੀ ਕੜੀ ਵਿਚ ਬੱਝੇ ਨਜ਼ਰ ਆਉਂਦੇ ਹਨ। ਵਿਅਕਤੀ ਦੀ ਜਿਹੜੀ ਪਛਾਣ ਨੂੰ ਸਭਿਆਚਾਰਕ ਚੌਖਟਾ ਨਿਰਧਾਰਤ ਕਰਦਾ ਹੈ, ਉਸ ਪਛਾਣ ਦੀ ਸਥਾਪਤੀ ਲਈ ਸ੍ਵੈ-ਜੀਵਨੀ ਇਕ ਮਾਧਿਅਮ ਵਜੋਂ ਉਸਰਦੀ ਹੈ। ਇਸ 'ਸਥਾਪਤੀ' ਦੀ ਪਿੱਠਭੂਮੀ ਵਜੋਂ ਸਭਿਆਚਾਰ, ਭਾਸ਼ਾ, ਵਿਚਾਰਧਾਰਾ, ਅਵਚੇਤਨ ਅਤੇ ਪ੍ਰਵਚਨ ਅਹਿਮ ਰੋਲ ਅਦਾ ਕਰਦੇ ਹਨ।

ਹਰ ਇਕ ਸ੍ਵੈ-ਜੀਵਨੀ ਲੇਖਕ ਚਾਹੇ ਉਹ ਨਾਰੀ ਹੋਵੇ, ਚਾਹੇ ਉਹ ਦਲਿਤ ਹੋਵੇ ਤੇ ਚਾਹੇ ਉਹ ਕਿਸੇ ਹੋਰ ਸਮਾਜਿਕ ਪਛਾਣ ਦੇ ਗ਼ਲਬੇ ਹੇਠ ਹੋਵੇ, ਉਹ ਸੁਤੰਤਰ ਅਤੇ ਸੁਚੇਤ ਪੱਧਰ 'ਤੇ ਇਹ ਦਾਅਵਾ ਕਰੇ ਕਿ ਮੈਂ ਆਪਣੀ ਸ੍ਵੈ-ਜੀਵਨੀ ਵਿਚ ਸਭ ਕੁਝ 'ਸੱਚ' ਕਹਿ ਰਿਹਾ ਹਾਂ, ਤਾਂ ਉਸ ਸੱਚ ਨੂੰ ਅੱਖਾਂ ਬੰਦ ਕਰਕੇ ਸੱਚ ਨਹੀਂ ਮੰਨਿਆ ਜਾ ਸਕਦਾ, 'ਕਿਉਂਕਿ ਅੰਤਿਮ ਸੱਚ ਕੁਝ ਵੀ ਨਹੀਂ ਹੁੰਦਾ। ਸ੍ਵੈ-ਜੀਵਨੀ ਦਾ ਸੱਚ ਸਿਰਫ਼ ਇਕ ਵਿਸ਼ੇਸ਼ ਪਛਾਣ ਦਾ ਸੱਚ ਸਵੀਕਾਰਿਆ ਜਾ ਸਕਦਾ ਹੈ, ਜਿਹੜੀ ਪਛਾਣ ਸ੍ਵੈ-ਜੀਵਨੀਕਾਰ ਨੇ ਸ੍ਵੈ-ਜੀਵਨੀ ਵਿਚ ਪੇਸ਼ ਕੀਤੀ ਹੈ। ਵਿਅਕਤੀ ਦੀ ਸਮੁੱਚੀ ਸ਼ਖ਼ਸੀਅਤ ਦਾ ਨਿਰਮਾਣ ਤਾਂ ਸਭਿਆਚਾਰਕ ਵਲਗਣਾਂ ਅਧੀਨ ਹੁੰਦਾ ਹੈ। ਸਭਿਆਚਾਰ ਦੇ ਸੰਗਮ ਸਦਕਾ ਸ੍ਵੈ-ਜੀਵਨੀ ਅਤੇ ਮਨੁੱਖੀ ਪਛਾਣ ਅੰਤਰ-ਸੰਬੰਧਤਾ ਦੀ ਕੜੀ ਦੇ ਤੌਰ 'ਤੇ ਜੁੜ ਜਾਂਦੇ ਹਨ। ਜਿਸ ਉਪਰੰਤ ਸ੍ਵੈ-ਜੀਵਨੀ

ਦੇ ਬਿਰਤਾਂਤ ਵਿਚੋਂ ਸਮਾਜਕ-ਸਭਿਆਚਾਰਕ ਚੌਧਰ ਲੁਕਵੇਂ ਢੰਗ ਨਾਲ ਗ਼ਾਲਬ ਪ੍ਰਵਚਨ ਉਸਾਰਦੀ ਹੈ। ਸ੍ਵੈ-ਜੀਵਨੀਕਾਰ ਸਹਿਜੇ ਹੀ ਇਸ ਦੇ ਅਨੁਕੂਲ ਹੋ ਕੇ ਆਪਣੀ ਮਨ-ਇੱਛਤ ਪਛਾਣ ਦਾ ਨਿਰਮਾਣ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ। ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਸ੍ਵੈ-ਜੀਵਨੀਕਾਰ ਭਾਸ਼ਾ ਰਾਹੀਂ ਘੜੇ ਸੱਚ ਸਦਕਾ ਵਿਸ਼ੇਸ਼ ਪਛਾਣ ਦਾ ਨਿਰਮਾਣ ਕਰਦਾ ਹੈ। ਜੋ ਕਿ ਲੇਖਕ ਦੀ, ਵਿਚਾਰਧਾਰਾ ਦੇ ਅਨੁਕੂਲ ਹੋ ਕੇ ਉਸਦੇ ਤਹਿਸ਼ੁਦਾ ਮੰਤਵ ਦੀ ਪੂਰਤੀ ਕਰਦੀ ਹੈ।

ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਅੰਤਲੇ ਪੜਾਅ 'ਤੇ ਜਦੋਂ ਅਸੀਂ ਮਨੁੱਖੀ 'ਪਛਾਣ' ਦੀ ਨਿਰਮਾਣਕਾਰੀ ਨੂੰ ਪੜਚੋਲਦੇ ਹਾਂ, ਤਾਂ 'ਪਛਾਣ' ਦਾ ਸੰਕਲਪ ਇਕ ਗੁੰਝਲਦਾਰ ਪ੍ਰਪੰਚ ਹੋ ਨਿਬੜਦਾ ਹੈ। 'ਪਛਾਣ' ਕੋਈ ਇਕਹਿਰੀ ਜਾਂ ਨਿਸ਼ਚਿਤ ਇਕਾਈ ਨਹੀਂ, ਸਗੋਂ ਇਹ ਬਹੁ-ਸੁਰੇ, ਬਿਖਰੇ ਅਤੇ ਬਹੁ-ਰੂਪਾਂ ਵਿਚ ਕਾਰਜਸ਼ੀਲ ਹੁੰਦੀ ਪ੍ਰਕਿਰਿਆ ਹੈ। 'ਉੱਤਰ-ਸੰਰਚਨਾਵਾਦੀ' ਚਿੰਤਨ ਨੇ 'ਪਾਠ'(Text) ਦੀ ਤਹਿ ਤੱਕ ਪਹੁੰਚਣ ਦੇ ਯਤਨ ਕੀਤੇ ਹਨ। ਇਨ੍ਹਾਂ ਯਤਨਾਂ ਸਦਕਾ ਜਦੋਂ ਅਸੀਂ ਮਨੁੱਖੀ ਪਛਾਣ ਦੀ ਨਿਰਮਾਣਕਾਰੀ ਦੇ ਪ੍ਰਵਚਨ ਨੂੰ ਸਮਾਜਿਕ ਤੇ ਸਭਿਆਚਾਰਕ ਚੌਖਟੇ ਅਧੀਨ ਰੱਖਕੇ ਵਿਚਾਰਦੇ ਹਾਂ ਤਾਂ ਮਨੁੱਖੀ 'ਪਛਾਣ' ਵਖਰੇਵੇਂ, ਬਹੁ-ਸੁਰੀ ਅਤੇ ਬਹੁ-ਰੂਪਗਤ ਪਸਾਰਾਂ ਵਿਚ ਪਸਰ ਜਾਂਦੀ ਹੈ। 'ਪਛਾਣ' ਦਾ ਇਹ ਪਸਾਰਾ ਹੋਂਦ ਦੇ ਮਸਲੇ ਨਾਲ ਦੋ-ਚਾਰ ਹੁੰਦਾ ਹੋਇਆ ਇਸਦੇ ਸਥਿਰ ਅਤੇ ਨਿਸ਼ਚਤ ਹੋਣ ਦੀ ਮਿੱਥ ਨੂੰ ਵੰਗਾਰਦਾ ਹੈ। ਪਛਾਣਾਂ ਦੀ ਨਿਰਮਾਣਕਾਰੀ ਦੀ ਇਹ ਪ੍ਰਕਿਰਿਆ ਸਮੇਂ, ਸਥਿਤੀ ਤੇ ਸਥਾਨ ਮੁਤਾਬਕ ਰੁਪਾਂਤਰਿਤ ਹੁੰਦੀ ਰਹਿੰਦੀ ਹੈ। ਮਨੁੱਖੀ 'ਪਛਾਣ' ਦੀ ਨਿਰਮਾਣਕਾਰੀ ਦੀ ਇਹ ਪ੍ਰਕਿਰਿਆ ਚੇਤਨ ਅਤੇ ਅਵਚੇਤਨ ਦੋਵਾਂ ਪੱਧਰਾਂ 'ਤੇ ਵਾਪਰਦੀ ਹੈ। ਸਮਾਜ ਅਤੇ ਸਭਿਆਚਾਰ ਮਨੁੱਖੀ ਪਛਾਣ ਦੀ ਨਿਰਮਾਣਕਾਰੀ ਨੂੰ ਆਪਣੀਆਂ ਕਦਰਾਂ-ਕੀਮਤਾਂ ਦੇ ਅਨੁਸਾਰੀ ਰੱਖ ਕੇ ਇਨ੍ਹਾਂ ਨੂੰ ਮੌਲਣ ਅਤੇ ਵਿਗਸਨ ਲਈ ਰਾਹ ਪੱਧਰਾ ਕਰਦੇ ਹਨ। ਸਮਕਾਲੀ ਦੌਰ ਵਿਚ ਪਛਾਣਾਂ ਦੀ ਨਿਰਮਾਣਕਾਰੀ ਦੀ ਇਸ ਪ੍ਰਕਿਰਿਆ ਨੂੰ ਸਮਝਣ ਲਈ ਡਾ. ਗੁਰਮੁਖ ਸਿੰਘ ਦੇ ਵਿਚਾਰ ਜ਼ਿਕਰਯੋਗ ਹਨ।:-

"ਸਮਕਾਲ ਦੀ ਸਭਿਆਚਾਰਕ ਪ੍ਰਕਿਰਿਆ ਵੱਖਰਤਾ ਜਾਂ ਦੁਸ਼ਮਣੀ ਦੀ ਪ੍ਰਕਿਰਿਆ ਨਹੀਂ ਸਗੋਂ ਨੈਗੋਸੀਏਸ਼ਨ ਦੀ ਪ੍ਰਕਿਰਿਆ ਹੈ। ਇਸ ਵਿਚ ਦੂਜੇ ਨਾਲ ਨਾਪ-ਤੋਲ, ਲੈਣ-ਦੇਣ ਜਾਰੀ ਰਹਿੰਦਾ ਹੈ। ਇਸ ਨਾਲ ਸਥਾਨਿਕਤਾ ਅਤੇ ਵਿਸ਼ਵ ਪੂੰਜੀਵਾਦ ਦਰਮਿਆਨ ਇਕ

ਸਮਝੌਤਾ ਸੰਭਵ ਹੋਣ ਦੀ ਸੰਭਾਵਨਾ ਬਣਦੀ ਹੈ। ਨਾਪ-ਤੋਲ ਦੀ ਪ੍ਰਕਿਰਿਆ ਕੇਵਲ ਨਾਂਹ ਮੁੱਖੀ ਹੀ ਨਹੀਂ , ਸਗੋਂ ਹਾਂ-ਮੁੱਖੀ ਵੀ ਹੈ। ਪਛਾਣ ਦੇ ਨਵੇਂ ਰੂਪਾਂ ਦੀ ਤਲਾਸ਼ ਜਿੱਥੇ ਇਕ ਪਾਸੇ ਵਿਸ਼ਵ ਸਭਿਆਚਾਰ ਦੇ ਅਨੁਸਾਰੀ ਬਣਨ ਵੱਲ ਤੁਰਦੀ ਹੈ, ਉੱਥੇ ਦੂਜੇ ਪਾਸੇ ਇਹ ਉਸ ਨੂੰ ਚੁਣੌਤੀ ਵੀ ਦਿੰਦੀ ਹੈ। ਇਸ ਤਰ੍ਹਾਂ ਹੋਣ ਕਾਰਣ ਪਛਾਣਾਂ ਦੀ ਬਹੁ-ਭਿੰਨਤਾ ਦੇ (ਭਾਵੇਂ ਇਕ ਖ਼ਾਸ ਹੱਦ ਤੱਕ) ਬਚੇ ਰਹਿਣ ਦੀ ਉਮੀਦ ਬੱਝਦੀ ਹੈ।"[1]

ਪੂੰਜੀਵਾਦ ਦੇ ਮੁੱਢਲੇ ਵਰ੍ਹਿਆਂ ਵਿਚ, ਪੂੰਜੀਵਾਦੀ ਅਤੇ ਜੰਗੀਰਦਾਰੀ ਖ਼ਾਸੇ ਦੇ ਆਪਸੀ ਟਕਰਾਅ ਸਦਕਾ ਕਈ ਨਵੀਆਂ ਪਛਾਣਾਂ ਹੋਂਦ ਵਿਚ ਆਈਆਂ। ਇਨ੍ਹਾਂ ਨਵੀਆਂ ਪਛਾਣਾਂ ਨੇ ਆਪਣੀ ਇਤਿਹਾਸਕ 'ਹੋਣੀ' ਦੇ ਬਿਰਤਾਂਤ ਦੀ ਤਸਵੀਰਕਸ਼ੀ ਕਰਕੇ ਪਛਾਣ ਦੀ ਨਿਰਮਾਣਕਾਰੀ ਵਜੋਂ ਨਵੇਂ ਦਿਸਹੱਦੇ ਸਥਾਪਤ ਕੀਤੇ, ਜਿਸ ਦੇ ਸਿੱਟੇ ਵਜੋਂ ਪਛਾਣਾਂ ਦੇ ਇਕਹਿਰੇ ਤੇ ਸਥਾਈ ਹੋਣ ਦੇ ਸੰਕਲਪ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ।

ਮਨੁੱਖ ਇਕ ਚੇਤਨ ਪ੍ਰਾਣੀ ਹੈ। ਮਨੁੱਖ ਦਾ ਪ੍ਰਕਿਰਤੀ ਨਾਲੋਂ ਬੌਧਿਕ ਸ਼ਕਤੀ ਰਾਹੀਂ ਵਿੱਥ ਸਥਾਪਿਤ ਕਰਨਾ ਹੀ 'ਮਨੁੱਖੀ ਚੇਤਨਾ' ਦਾ ਆਗਾਜ਼ ਹੈ। ਜਦੋਂ ਮਨੁੱਖ ਨੂੰ ਇਸ ਗੱਲ ਦਾ ਇਲਮ ਹੋਇਆ ਕਿ ਉਹ ਪ੍ਰਿਥਵੀ ਦੇ ਬਾਕੀ ਜੀਵਾਂ ਤੋਂ ਸ੍ਰੇਸ਼ਟ ਹੈ, ਉਦੋਂ ਤੋਂ ਹੀ 'ਚੇਤਨਾ' ਉਸਦੀ ਜ਼ਿੰਦਗੀ ਦਾ ਅਟੁੱਟ ਹਿੱਸਾ ਬਣੀ ਆ ਰਹੀ ਹੈ। ਇਸ ਸਦਕਾ ਉਹ ਪ੍ਰਕਿਰਤੀ ਨੂੰ ਆਪਣੇ ਅਨੁਸਾਰੀ ਢਾਲਣ ਵਿਚ ਕਾਫ਼ੀ ਹੱਦ ਤੱਕ ਸਫ਼ਲ ਰਿਹਾ ਹੈ। ਹਰ ਇਕ ਵਸਤੂ ਨਿਰੰਤਰ ਤਬਦੀਲ ਹੁੰਦੀ ਰਹਿੰਦੀ ਹੈ। ਕਦੇ ਇਹ ਤਬਦੀਲੀ ਬੜੀ ਤੇਜੀ ਨਾਲ ਵਾਪਰਦੀ ਹੈ ਅਤੇ ਕਦੇ ਇਸ ਦੀ ਗਤੀ ਏਨੀ ਧੀਮੀ ਹੁੰਦੀ ਹੈ ਕਿ ਤਬਦੀਲੀ ਦੀ ਪਰਖ-ਪੜਚੋਲ ਸਧਾਰਨ ਅੱਖ ਨੂੰ ਨਜ਼ਰ ਨਹੀਂ ਆਉਂਦੀ। ਇਹ ਇਕ ਸਮਾਜਿਕ ਮੁਹਾਵਰੇ ਜਾਂ ਪੜਾਅ ਦਾ ਰੂਪ ਧਾਰਨ ਕਰ ਲੈਂਦੀ ਹੈ, ਹਾਲਾਂਕਿ ਕਿਸੇ ਵੀ ਸਮਾਜ ਨੂੰ ਇਕ ਪੜਾਅ 'ਚ ਬੰਨਣਾ ਔਖਾ ਕਾਰਜ ਹੈ। ਫਿਰ ਵੀ ਕਈ ਵਾਰ ਸਮਾਜ ਨੂੰ ਸਮਝਣ ਦੀ ਸਹੂਲਤ ਲਈ ਸਮਾਜ ਦੀ ਪੜਾਅ ਵਾਰ ਵੰਡ ਕਰ ਲਈ ਜਾਂਦੀ ਹੈ।

ਹਰ ਪੜਾਅ 'ਤੇ ਇਕੋ ਜਿਹੀਆਂ ਪ੍ਰਾਕ੍ਰਿਤਕ ਹਾਲਤਾਂ ਅਨੁਸਾਰ ਕਿਸੇ ਵੀ ਜੀਵ ਦੀ ਹੋਂਦ ਜਾਂ ਪ੍ਰਵਰਿਸ਼ ਇਕੋ ਜਿਹੀ ਨਹੀਂ ਹੁੰਦੀ। ਇਕੋ ਜਿਹੀ ਸਿਹਤਯਾਬੀ ਨਾ ਹੋਣ ਕਾਰਨ 'ਤਕੜੇ' ਤੇ 'ਮਾੜੇ' (ਸ਼ੋਸ਼ਣ ਤੇ ਸ਼ੋਸ਼ਿਤ) ਦੀਆਂ ਦੋ ਧਿਰਾ ਬਣਦੀਆਂ ਹਨ। ਸਿੱਟੇ ਵਜੋਂ ਅਚੇਤ ਰੂਪ ਵਿਚ ਹੀ 'ਤਕੜਾ' 'ਮਾੜੇ' ਪ੍ਰਤੀ ਕਾਬਜ਼/ਗ਼ਾਲਬ ਨਜ਼ਰੀਆ ਅਖ਼ਤਿਆਰ ਕਰ ਲੈਂਦਾ

ਹੈ। ਇਸ ਸਵਾਰਥ ਕਾਰਨ ਹੀ 'ਤਕੜੇ' ਦਾ 'ਮਾੜੇ' ਪ੍ਰਤੀ ਅਨੈਤਿਕ ਨਜ਼ਰੀਆ ਹੀ ਹੁਣ ਤੱਕ ਪ੍ਰਵਾਨ ਚੜ੍ਹਦਾ ਰਿਹਾ ਹੈ, ਜਿਸ ਨੂੰ ਕਿ ਸਾਡੀ ਆਧੁਨਿਕ ਭਾਸ਼ਾ ਵਿਚ 'ਜਮਾਤੀ ਵੰਡ' ਕਿਹਾ ਜਾਂਦਾ ਹੈ। ਇਹ ਜਮਾਤੀ ਵੰਡ ਕੁਝ ਕੁ ਲੋਕਾਂ ਨੂੰ ਤਾਂ ਦਰੁੱਸਤ ਬੈਠਦੀ ਹੈ, ਜਦਕਿ ਬਾਕੀ ਲੋਕਾਈ ਲਈ ਸ਼ੋਸ਼ਣ ਤੇ ਦਮਨ ਦਾ ਕਾਰਨ ਹੋ ਨਿੱਬੜਦੀ ਹੈ। ਇਹੀ ਜਮਾਤੀ ਖੇਡ ਰਾਜਨੀਤਿਕ ਸਰੂਪ ਅਖ਼ਤਿਆਰ ਕਰਦੀ ਹੋਈ ਵਿਕਰਾਲ ਰੂਪ ਧਾਰਨ ਕਰ ਲੈਂਦੀ ਹੈ।

ਭਾਰਤੀ ਸਮਾਜ ਵਿਚ ਜਮਾਤੀ ਵੰਡ ਦਾ ਪੈਂਤੜਾ ਜ਼ਰੂਰਤ ਤੋਂ ਇੱਛਾ ਤੱਕ ਦਾ ਸਫ਼ਰ ਤੈਅ ਕਰਦਿਆਂ ਬ੍ਰਾਹਮਣਵਾਦੀ ਵਿਚਾਰਧਾਰਾ ਦਾ ਇਕ ਅਟੁੱਟ ਅੰਗ ਬਣ ਗਿਆ ਹੈ। ਬ੍ਰਾਹਮਣਵਾਦੀ ਵਿਚਾਰਧਾਰਾ ਨੇ ਜਮਾਤੀ ਵੰਡ ਨੂੰ ਪਕੇਰਾ ਕਰਨ ਲਈ ਧਾਰਮਿਕ ਰੰਗਤ ਦੇ ਕੇ ਪਰੰਪਰਿਕ 'ਜਮਾਤੀ ਸਮਾਜ' ਨੂੰ 'ਜਾਤੀ ਸਮਾਜ' ਵਿਚ ਤਬਦੀਲ ਕਰ ਦਿੱਤਾ। ਜ਼ਿਕਰਯੋਗ ਗੱਲ ਇਹ ਹੈ ਕਿ 'ਜਾਤੀ' ਵੰਡ ਧਾਰਮਿਕ ਜਾਪਦੀ ਹੈ ਪਰ ਅਸਲ ਵਿਚ ਇਸਦਾ ਮੂਲ ਆਧਾਰ ਆਰਥਿਕਤਾ ਹੀ ਹੈ, ਜਿਸਨੂੰ ਕਥਿਤ ਨੀਵੀਆਂ ਜਾਤੀਆਂ/ਦਲਿਤ ਵਰਗ ਨੇ ਪਛਾਣਿਆ ਹੀ ਨਹੀਂ। ਜਿਸਦੇ ਸਿੱਟੇ ਵਜੋਂ 'ਜਾਤੀ ਵਿਵਸਥਾ' ਦੀ ਸਥਿਤੀ ਜਿਉਂ ਦੀ ਤਿਉਂ ਬਰਕਰਾਰ ਹੈ। ਭਗਤੀ ਲਹਿਰ ਪਰੰਪਰਾ ਤੋਂ ਲੈ ਕੇ ਵਰਤਮਾਨ ਸਮੇਂ ਦਲਿਤ ਮੁਕਤੀ ਲਈ ਵੱਖ-ਵੱਖ ਖੇਤਰਾਂ ਵਿਚ ਸੰਘਰਸ਼ ਜਾਰੀ ਹਨ। ਜਿਸ ਦਾ ਪ੍ਰਮਾਣ ਸਾਹਿਤ ਦੇ ਖੇਤਰ ਵਿਚ ਦਲਿਤ ਸਾਹਿਤ ਦੀ ਵੱਡੇ ਪੱਧਰ 'ਤੇ ਸ਼ਮੂਲੀਅਤ ਹੈ। ਦਲਿਤ ਸਾਹਿਤਕਾਰਾਂ ਨੇ ਸਭ ਤੋਂ ਪਹਿਲਾਂ ਡਾ. ਅੰਬੇਡਕਰ ਦੀ ਯੋਗ ਅਗਵਾਈ ਹੇਠ ਆਪਣੀ ਦਲਿਤ ਪਛਾਣ ਦੇ ਵਿਸ਼ੇਸ਼ ਪ੍ਰਵਚਨ ਨੂੰ ਸਮੂਹਿਕ ਪਛਾਣ ਵਜੋਂ ਪੇਸ਼ ਕਰਨਾ ਆਰੰਭ ਕੀਤਾ। ਡਾ. ਭੀਮ ਰਾਓ ਅੰਬੇਡਕਰ ਦੀ ਪ੍ਰੇਰਣਾ ਅਤੇ ਪ੍ਰਭਾਵ ਸਦਕਾ ਸਭ ਤੋਂ ਪਹਿਲਾਂ 'ਮਰਾਠੀ ਦਲਿਤ' ਲੇਖਕਾਂ ਨੇ ਦਲਿਤ ਜੀਵਨ ਦੀ ਆਪਣੀ ਹੱਡ-ਬੀਤੀ 'ਹੋਣੀ' ਨੂੰ ਆਪਣੀ ਹੀ ਜ਼ੁਬਾਨੀ 'ਸ੍ਵੈ-ਜੀਵਨੀ' ਦੇ ਰੂਪ ਵਿਚ ਬਿਆਨਣ ਦਾ ਸਾਹਸ ਕੀਤਾ। ਮਰਾਠੀ ਦਲਿਤ ਸ੍ਵੈ-ਜੀਵਨੀ ਸਾਹਿਤ ਦੇ ਖੇਤਰ ਵਿਚ ਸਭ ਤੋਂ ਪਹਿਲਾਂ "ਦਯਾਪਵਾਰ ਨੇ ਆਪਣੀ ਦਲਿਤ ਸ੍ਵੈ-ਜੀਵਨੀ 'ਬਲੂਤ' ਰਾਹੀਂ ਦਲਿਤ ਜੀਵਨ ਦੀ ਵਿਥਿਆ ਨੂੰ ਆਪਣੀ ਜੀਵਨ ਕਹਾਣੀ ਦੇ ਰੂਪ ਵਿਚ ਬਿਆਨ ਕੀਤਾ। ਇਸ ਤੋਂ ਬਾਅਦ ਫਿਰ ਲਕਸ਼ਮਣ ਮਾਨੇ ਦੀ ਸ੍ਵੈ-ਜੀਵਨੀ 'ਓਪਰਾ', ਮਾਧਵ ਕੋਂਡਵਿਲਕਰ ਦੀ 'ਮੁਕੱਮਾ ਪੋਸਟ: ਦੇਵਾਚੇ ਗੋਠਣੇ', ਲਛਮਣ ਗਾਇਕਵਾੜ ਦੀ 'ਉਚੱਲਿਯਾ', ਬੇਬੀ ਕਾਂਬਲੇ ਦੀ 'ਜੀਣ ਆਮੁਚ' (ਜਿਊਣ ਅਸਾਡੇ), ਕੁਮੁਦ ਪਾਵੜੇ ਦੀ

'ਅੰਤ-ਸਫੋਟ', ਸ਼ਰਣ ਕੁਮਾਰ ਲਿੰਬਾਲੇ ਦੀ 'ਅੱਕਰਮਾਸ਼ੀ', ਖਸਤੂਨ ਅਚਲਖਾਂਬ ਦੀ 'ਗਾਵਕੀ' ਅਤੇ ਓਮ ਪ੍ਰਕਾਸ਼ ਬਾਲਮੀਕੀ ਦੀ 'ਜੂਠਨ' (ਜੂਠ) ਆਦਿ ਮਰਾਠੀ ਸ੍ਵੈ-ਜੀਵਨੀਆਂ ਵਿਚ ਦਲਿਤ ਸਮਾਜ ਦੀ ਤਸ਼ੱਦਦ ਭਰੀ 'ਹੋਣੀ' ਦੇ ਬਿੰਬ ਨੂੰ ਉਭਾਰਿਆ ਗਿਆ।"[2] ਇਨ੍ਹਾਂ ਸਾਰੇ ਦਲਿਤ ਲੇਖਕਾਂ ਨੇ ਡਾ. ਅੰਬੇਡਕਰ ਦੀ ਵਿਚਾਰਧਾਰਾ ਦੇ ਅਨੁਸਾਰੀ ਹੋ ਕੇ ਸਾਹਿਤ ਦੇ ਖੇਤਰ ਵਿਚ ਵੱਖਰੀ 'ਦਲਿਤ ਪਛਾਣ' ਨੂੰ ਮਾਨਤਾ ਦਵਾਉਣ ਲਈ ਸਫ਼ਲ ਯਤਨ ਆਰੰਭ ਕੀਤੇ। ਪੰਜਾਬੀ ਦੇ ਦਲਿਤ ਲੇਖਕਾਂ ਨੇ ਵੀ ਮਰਾਠੀ ਦੇ ਦਲਿਤ ਲੇਖਕਾਂ ਦਾ ਪ੍ਰਭਾਵ ਕਬੂਲਿਆ ਅਤੇ ਉਨ੍ਹਾਂ ਨੇ ਪੰਜਾਬ ਦੇ ਦਲਿਤਾਂ ਦੀ ਪੀੜਾ ਅਤੇ ਦਰਦ ਦੀ ਕਸਕ ਨੂੰ ਆਪਣੀ ਜ਼ੁਬਾਨੀ ਸ੍ਵੈ-ਜੀਵਨੀ ਦੇ ਰੂਪ ਵਿਚ ਪੇਸ਼ ਕਰਨ ਲਈ ਦਲਿਤ ਸ੍ਵੈ-ਜੀਵਨੀ ਸਾਹਿਤ ਦੀ ਸਿਰਜਣਾ ਕਰਨੀ ਆਰੰਭ ਕਰ ਦਿੱਤੀ।

ਪੰਜਾਬੀ ਸ੍ਵੈ-ਜੀਵਨੀ ਸਾਹਿਤ ਦੇ ਖੇਤਰ ਵਿਚ 'ਦਲਿਤ' ਸ੍ਵੈ-ਜੀਵਨੀ ਸਾਹਿਤ ਦੀ ਸਿਰਜਣਾ ਦਾ ਪ੍ਰਚਲਣ 'ਮਰਾਠੀ ਭਾਸ਼ਾ' ਵਿਚ ਰਚੇ ਜਾਂਦੇ ਦਲਿਤ ਸ੍ਵੈ-ਜੀਵਨੀ ਸਾਹਿਤ ਦੇ ਪ੍ਰਭਾਵ ਸਦਕਾ ਹੀ ਹੋਇਆ। ਪੰਜਾਬੀ ਦੇ ਦਲਿਤ ਲੇਖਕਾਂ 'ਤੇ ਵੀ ਡਾ. ਅੰਬੇਡਕਰ ਦੀ ਵਿਚਾਰਧਾਰਾ ਅਤੇ ਉਨ੍ਹਾਂ ਦੀ ਸਖ਼ਸ਼ੀਅਤ ਦਾ ਪ੍ਰਭਾਵ ਸੀ। ਇਸ ਦਾ ਵੱਡਾ ਕਾਰਨ ਡਾ. ਅੰਬੇਡਕਰ ਦੁਆਰਾ 'ਦਲਿਤ ਮੁਕਤੀ' ਲਈ ਕੀਤੇ ਗਏ ਸੰਘਰਸ਼ਾਂ ਦੀ ਦਾਸਤਾਨ ਬਣੀ ਕਿਉਂਕਿ ਡਾ. ਅੰਬੇਡਕਰ ਨੇ ਹੀ ਦਲਿਤ ਮੁਕਤੀ ਲਈ ਸਭ ਤੋਂ ਵੱਧ ਸੰਘਰਸ਼ ਕੀਤੇ। ਉਨ੍ਹਾਂ ਨੇ 'ਦਲਿਤ ਮੁਕਤੀ' ਲਈ ਵਿਗਿਆਨਕ ਦ੍ਰਿਸ਼ਟੀਕੋਣ ਅਪਣਾ ਕੇ 'ਦਲਿਤ ਮੁਕਤੀ' ਨੂੰ ਧਾਰਮਿਕ ਦਾਇਰੇ 'ਚੋਂ ਬਾਹਰ ਕੱਢਿਆ ਅਤੇ ਨਾਲ ਹੀ ਦਲਿਤ ਵਰਗ ਦੇ ਲੋਕਾਂ ਨੂੰ ਪੜ੍ਹਨ-ਲਿਖਣ ਤੇ ਦਲਿਤ ਸਾਹਿਤ ਦੀ ਸਿਰਜਣਾ ਲਈ ਪ੍ਰੇਰਿਆ। ਪੰਜਾਬੀ ਦਲਿਤ ਸ੍ਵੈ-ਜੀਵਨੀ ਦੇ ਲਗਭਗ ਸਾਰੇ ਹੀ ਲੇਖਕਾਂ ਦੇ ਸ੍ਵੈ-ਜੀਵਨੀ ਕਲਾਮਾਂ ਵਿਚ ਡਾ. ਅੰਬੇਡਕਰ ਪ੍ਰਤੀ ਉਨ੍ਹਾਂ ਦੀ ਸ਼ਰਧਾ ਭਾਵਨਾ ਸਹਿਜੇ ਹੀ ਦੇਖੀ ਜਾ ਸਕਦੀ ਹੈ। ਪੰਜਾਬੀ ਦੇ ਸ੍ਵੈ-ਜੀਵਨੀਕਾਰਾਂ ਨੇ ਆਪਣੀ ਦਲਿਤ ਪਛਾਣ ਦੀ ਨਿਰਮਾਣਕਾਰੀ ਨੂੰ ਹਿੰਦੂਵਾਦੀ/ਜੱਟਵਾਦੀ ਵਿਵਸਥਾ ਦੁਆਰਾ ਕੀਤੇ ਜਾਂਦੇ ਦਲਿਤਾਂ ਉੱਤੇ ਅਮਾਨਵੀ ਜ਼ਬਰ, ਹੀਣ ਭਾਵਨਾ ਦੇ ਅਹਿਸਾਸ, ਅਛੂਤ, ਭਿੱਟਿਆ, ਭੇਦ-ਭਾਵਾਂ ਅਤੇ ਵਿਤਕਰਿਆਂ ਆਦਿ ਨੂੰ ਦਲਿਤ ਵਿਰੋਧੀ ਰੂਪ ਵਿਚ ਪੇਸ਼ ਕਰਦਿਆਂ ਦਲਿਤ ਵਰਗ ਦੀ ਜ਼ਲਾਲਤ ਭਰੀ 'ਪਛਾਣ' ਦਾ ਨਿਰਮਾਣ ਕੀਤਾ ਹੈ।

ਪੰਜਾਬੀ ਸਾਹਿਤ ਦੇ ਖੇਤਰ ਵਿਚ ਸਭ ਤੋਂ ਪਹਿਲਾਂ ਲਾਲ ਸਿੰਘ ਦਿਲ ਆਪਣੀ ਦਲਿਤ ਸ੍ਵੈ-ਜੀਵਨੀ 'ਦਾਸਤਾਨ' (1998) ਰਾਹੀਂ ਮੁਖਾਤਿਬ ਹੁੰਦਾ ਹੈ। ਫਿਰ ਇਸ ਤੋਂ ਬਾਅਦ ਸਿਲਸਿਲੇ ਵਾਰ ਬਲਬੀਰ ਮਾਧੋਪੁਰੀ ਦੀ ਸ੍ਵੈ-ਜੀਵਨੀ 'ਛਾਂਗਿਆ ਰੁੱਖ' (2002), ਪ੍ਰੇਮ ਗੋਰਖੀ ਦੀ 'ਗ਼ੈਰ-ਹਾਜ਼ਿਰ ਆਦਮੀ' (2007), ਅਤਰਜੀਤ ਦੀ 'ਅੱਕ ਦਾ ਦੁੱਧ' (2008) ਅਤੇ ਸਰੂਪ ਸਿਆਲਵੀ ਆਪਣੀ ਸ੍ਵੈ-ਜੀਵਨੀ 'ਜ਼ਲਾਲਤ' (2013) ਰਾਹੀਂ ਪੰਜਾਬੀ ਦਲਿਤ ਸ੍ਵੈ-ਜੀਵਨੀ ਸਾਹਿਤ ਦੇ ਖੇਤਰ ਵਿਚ ਪ੍ਰਵੇਸ਼ ਕਰ ਦਲਿਤ ਲੇਖਕਾਂ ਵਜੋਂ ਚਰਚਾ ਦਾ ਵਿਸ਼ਾ ਬਣਦੇ ਹਨ। ਇਨ੍ਹਾਂ ਪੰਜੇ ਸ੍ਵੈ-ਜੀਵਨੀਕਾਰਾਂ ਨੇ ਆਪਣੇ-ਆਪਣੇ ਸ੍ਵੈ-ਜੀਵਨੀ ਬਿਰਤਾਂਤਾਂ ਵਿਚ ਜੋ ਜ਼ਿੰਦਗੀ ਹੰਢਾਈ ਹੈ, ਉਸ ਨੂੰ ਇਨ੍ਹਾਂ ਸ੍ਵੈ-ਜੀਵਨੀਆਂ ਵਿਚ ਇਕ ਦਲਿਤ-ਬਿਰਤਾਂਤ ਵਜੋਂ ਪੇਸ਼ ਕੀਤਾ ਹੈ। ਇਸ ਲਈ ਇਨ੍ਹਾਂ ਸ੍ਵੈ-ਜੀਵਨੀਆਂ ਵਿਚਲਾ ਬਿਰਤਾਂਤ ਦਲਿਤ ਜੀਵਨ ਦੀ ਪੀੜਾ ਨੂੰ ਹੀ ਰੂਪਮਾਨ ਕਰਦਾ ਹੈ, ਜਿਸ ਦੇ ਸਿੱਟੇ ਵਜੋਂ ਇਹ ਸ੍ਵੈ-ਜੀਵਨੀਆਂ 'ਦਲਿਤ ਪਛਾਣ' ਦੇ ਪ੍ਰਵਚਨ ਨੂੰ ਹੀ ਸਿਰਜਦੀਆਂ ਹਨ।

ਲਾਲ ਸਿੰਘ ਦਿਲ, ਬਲਬੀਰ ਮਾਧੋਪੁਰੀ, ਪ੍ਰੇਮ ਗੋਰਖੀ, ਅਤਰਜੀਤ ਅਤੇ ਸਰੂਪ ਸਿਆਲਵੀ ਭਾਵੇਂ ਭੂਗੋਲਿਕ ਤੌਰ 'ਤੇ ਪੰਜਾਬ ਦੇ ਵੱਖ-ਵੱਖ ਖਿੱਤਿਆਂ ਨਾਲ ਸੰਬੰਧਿਤ ਹਨ, ਪਰ ਫਿਰ ਵੀ ਇਨ੍ਹਾਂ ਦੇ ਸ੍ਵੈ-ਜੀਵਨੀ ਬਿਰਤਾਂਤਾਂ ਵਿਚਲਾ ਸ੍ਵੈ-ਪਾਤਰ ਇਕੋ ਕਿਸਮ ਦੀ ਦਲਿਤ 'ਹੋਣੀ' ਜਾਂ 'ਪਛਾਣ' ਭੋਗਦਾ ਹੈ। ਇਨ੍ਹਾਂ ਦਲਿਤ ਸ੍ਵੈ-ਜੀਵਨੀਕਾਰਾਂ ਨੇ ਛੂਆ-ਛੂਤ, ਜਾਤੀ ਵਿਤਕਰੇ, ਭਿੱਟ ਅਤੇ ਹੀਣ ਭਾਵਨਾ ਦੇ ਅਹਿਸਾਸਾਂ ਨੂੰ ਦਲਿਤ ਪਛਾਣ ਦੇ ਪ੍ਰਵਚਨ ਵਜੋਂ ਆਪਣੇ-ਆਪਣੇ ਤਰੀਕੇ ਨਾਲ ਸ੍ਵੈ-ਜੀਵਨੀਆਂ ਦੇ ਬਿਰਤਾਂਤਾਂ ਵਿਚ ਚਿਤਰਿਆ ਹੈ। ਇਨ੍ਹਾਂ ਦਲਿਤ ਸ੍ਵੈ-ਜੀਵਨੀਆਂ ਵਿਚੋਂ ਪ੍ਰਤੀਬਿੰਬਤ ਹੁੰਦੀਆਂ ਦਲਿਤ ਪਛਾਣਾਂ ਨੂੰ ਅਸੀਂ ਸਿਲਸਿਲੇ ਵਾਰ ਵਿਚਾਰਨ ਦੇ ਯਤਨ ਕਰਦੇ ਹਾਂ। ਸਭ ਤੋਂ ਪਹਿਲਾਂ ਅਸੀਂ ਲਾਲ ਸਿੰਘ ਦਿਲ ਦੀ ਸ੍ਵੈ-ਜੀਵਨੀ 'ਦਾਸਤਾਨ' ਵਿਚੋਂ ਉਸਦੀ ਦਲਿਤ ਜ਼ਿੰਦਗੀ ਨਾਲ ਸੰਬੰਧਿਤ ਇਕ ਘਟਨਾ ਨੂੰ ਵਿਚਾਰਦੇ ਹਾਂ ਜੋ ਸਕੂਲੀ ਪੱਧਰ 'ਤੇ ਦਲਿਤ ਵਿਅਕਤੀ ਲਈ ਗ਼ੈਰ-ਮਨੁੱਖੀ ਸਭਿਆਚਾਰਕ ਮਹੌਲ ਦੀ ਰੂਪਮਾਨੀ ਕਰਦੀ ਹੈ।

"ਸਕੂਲ ਵਿਚ ਕੋਈ ਅਜਿਹਾ ਮਾਹੌਲ ਨਹੀਂ ਸੀ, ਜਿਹੜਾ ਮੇਰੇ ਲਈ ਹੁੰਦਾ। ਉੱਥੇ ਖੇਡਾਂ, ਸਾਹਿਤਕ ਇਕੱਠਾਂ ਆਦਿ ਵਿਚ ਜ਼ਰੂਰੀ ਤੌਰ 'ਤੇ ਦੂਰ ਰੱਖਿਆ ਜਾਂਦਾ। ਕੁਝ ਇਕ ਅਧਿਆਪਕ ਅਜਿਹੇ ਸਨ, ਜਿਹੜੇ ਬਰਾਬਰ ਦਾ ਸਲੂਕ ਕਰਦੇ ਸਨ। ਨਹੀਂ ਤਾਂ ਆਪਣੀ

ਜਾਤ ਪ੍ਰਤੀ ਘਟੀਆਪਣ ਦੇ ਅਹਿਸਾਸ ਵਿਚ ਹੀ ਫਸੇ ਰਹਿਣ ਲਈ ਸਕੂਲ ਦਾ ਕੋਈ ਮਤਲਬ ਸੀ।"[3]

ਲਾਲ ਸਿੰਘ ਦਿਲ ਦੀ ਜਿਸ ਘਟਨਾ ਦਾ ਉੱਪਰ ਜ਼ਿਕਰ ਕੀਤਾ ਹੈ, ਉਹ ਘਟਨਾ ਸਿਰਫ਼ ਲਾਲ ਸਿੰਘ ਦਿਲ ਤੱਕ ਹੀ ਸੀਮਤ ਨਹੀਂ ਰਹਿੰਦੀ ਸਗੋਂ ਇਹ ਹਰ ਇਕ ਉਸ ਦਲਿਤ ਵਿਅਕਤੀ ਨਾਲ ਸੰਬੰਧਤ ਹੋ ਜਾਂਦੀ ਹੈ, ਜਿਸ ਨੇ ਲਾਲ ਸਿੰਘ ਦਿਲ ਵਰਗਾ ਜਾਤੀ ਵਿਤਕਰਾ ਹੰਢਾਇਆ ਹੈ। ਸਕੂਲੀ ਜ਼ਿੰਦਗੀ ਨਾਲ ਸੰਬੰਧਿਤ ਅਜਿਹੀਆਂ ਹੀ ਘਟਨਾਵਾਂ ਦੀ ਪ੍ਰਧਾਨਤਾ ਬਾਕੀ ਦੇ ਸ੍ਵੈ-ਜੀਵਨੀਕਾਰਾਂ ਦੇ ਸ੍ਵੈ-ਜੀਵਨੀ ਬਿਰਤਾਂਤਾਂ ਵਿਚ ਵੀ ਸਹਿਜੇ ਹੀ ਦੇਖੀ ਜਾ ਸਕਦੀ ਹੈ। ਦਰਅਸਲ ਸੰਬੰਧਿਤ ਦਲਿਤ ਸ੍ਵੈ-ਜੀਵਨੀਕਾਰਾਂ ਨੇ ਬਾਕੀ ਦੇ ਆਮ ਦਲਿਤ ਲੋਕਾਂ ਵਾਂਗ ਹੀ ਸਮਾਜਿਕ, ਸਭਿਆਚਾਰਕ, ਰਾਜਸੀ ਅਤੇ ਮਾਨਸਿਕ ਗ਼ੁਲਾਮੀ ਹੰਢਾਈ ਹੈ। ਜਿਸ ਦੇ ਸਿੱਟੇ ਵਜੋਂ ਦਲਿਤ ਸ੍ਵੈ-ਜੀਵਨੀ ਸਾਹਿਤ ਵਿਚ ਦਲਿਤ ਲੇਖਕ ਦੀ ਵਿਅਕਤੀਗਤ ਹੋਂਦ/ਪਛਾਣ ਵਿਅਕਤਿਤਵ ਤੋਂ ਸ਼ੁਰੂ ਹੋ ਸਮੂਹਿਕ ਪਛਾਣ ਦਾ ਪ੍ਰਵਚਨ ਬਣ ਜਾਂਦੀ ਹੈ।

ਪੰਜਾਬੀ ਸ੍ਵੈ-ਜੀਵਨੀ ਸਾਹਿਤ ਵਿਚ ਨਿੱਜੀ ਪਛਾਣ ਦਾ ਸਮੂਹਿਕ ਪਛਾਣ ਵਿਚ ਬਦਲ ਜਾਣਾ ਸ੍ਵੈ-ਜੀਵਨੀ ਦੇ ਵਿਧਾਗਤ ਚੌਖਟੇ 'ਤੇ ਤਾਂ ਸਵਾਲੀਆ ਨਿਸ਼ਾਨ ਲਾਉਂਦਾ ਹੀ ਹੈ ਸਗੋਂ ਸਥਾਪਿਤ ਸਭਿਆਚਾਰ ਦੀਆਂ ਕਦਰਾਂ ਕੀਮਤਾਂ ਦੇ ਪਾਜ ਉਦੇੜਿਆਂ ਦਲਿਤ ਪਛਾਣ ਦੇ ਪ੍ਰਵਚਨ ਅਤੇ ਵੱਖਰੀ ਦਲਿਤ ਸਮੂਹਿਕ ਪਛਾਣ ਨੂੰ ਹਾਸਿਲ ਹੋਣ ਦਾ ਯਤਨ ਵੀ ਕਰਦਾ ਹੈ ਕਿਉਂਕਿ ਸ੍ਵੈ-ਜੀਵਨੀ ਵਿਧਾਗਤ ਤੌਰ 'ਤੇ ਕਿਸੇ ਇਕ ਵਿਅਕਤੀ ਦੀ ਨਿੱਜੀ ਜ਼ਿੰਦਗੀ ਜਾਂ ਉਸਦੀ ਵਿਅਕਤੀਗਤ ਪਛਾਣ ਦਾ ਹੀ ਦਸਤਾਵੇਜ਼ ਮੰਨੀ ਜਾਂਦੀ ਹੈ, ਪ੍ਰੰਤੂ ਪੰਜਾਬੀ ਦਲਿਤ ਸ੍ਵੈ-ਜੀਵਨੀ ਤਾਂ ਵਿਅਕਤਿਤਵ ਦੀਆਂ ਹੱਦਾਂ ਟੱਪਦੀ ਹੋਈ ਇਕ ਦਲਿਤ ਸਮੂਹ ਵਜੋਂ ਦੂਜੇ ਸਭਿਆਚਾਰ ਦੇ ਭਾਰਤੀ ਦਲਿਤ ਸਮੂਹ ਨਾਲ ਬ੍ਰਾਹਮਣਵਾਦੀ/ਹਿੰਦੂਵਾਦੀ ਵਿਵਸਥਾ ਬਾਰੇ ਸੰਵਾਦ ਵੀ ਰਚਾਉਂਦੀ ਹੋਈ ਵੱਖਰੀ ਬਿਰਤਾਂਤਕ ਦਲਿਤ ਭਾਸ਼ਾ ਵੀ ਸਿਰਜਦੀ ਹੈ। ਜਿਸ ਨੂੰ ਅਸੀਂ ਬਲਬੀਰ ਮਾਧੋਪੁਰੀ ਦੀ ਸ੍ਵੈ-ਜੀਵਨੀ 'ਛਾਂਗਿਆ ਰੁੱਖ' ਦੇ ਬਿਰਤਾਂਤ ਵਿਚਲੇ ਸੰਵਾਦ ਰਾਹੀਂ ਮਹਿਸੂਸ ਕਰ ਸਕਦੇ ਹਾਂ :-

"ਅੱਗੇ ਗਏ ਤਾਂ ਦੇਖਿਆ ਕਿ ਮੇਰਾ ਭਾਈਆਂ ਉਨ੍ਹਾਂ ਭੱਈਆਂ ਨਾਲ ਬੈਠਾ ਬੀੜੀ ਪੀ ਰਿਹਾ ਸੀ ਜਿਨ੍ਹਾਂ ਨੂੰ ਸਾਡੇ ਲੋਕ ਪੂਰਬੀਏ ਕਹਿੰਦੇ ਸਨ। ਮੈਂ ਹੈਰਾਨ ਰਹਿ ਗਿਆ ਕਿ ਉਹ ਰਲੀ-ਮਿਲੀ ਹਿੰਦੀ ਪੰਜਾਬੀ ਵਿਚ ਗੱਲਾਂ ਕਰ ਰਹੇ ਸਨ।

...ਉਧਰ ਤੋਂ ਹਮਕੋ ਬੱਚੋਂ ਕੇ ਨਾਮ ਵੀ ਦਿਨੋਂ ਕੇ ਨਾਮੋਂ ਪਰ ਰਖਨੇ ਪੜਤੇ ਹੈਂ ਵੋ ਵਿਗਾੜ ਕਰ ਜੈਸੇ ਸੋਮੂ, ਮੰਗਲੂ, ਬੁੱਧੂ ਵਗੈਰਾ ਯਾ ਫਿਰ ਜੀਵ-ਜੰਤੂਓ ਪਸ਼ੂਓ-ਪਕਸ਼ੀਓ ਕੇ ਨਾਮੋਂ ਪਰ ਜੈਸੇ- ਮੇਰਾ ਹੀ ਨਾਮ ਹੈ ਮੱਛਰ ਦਾਸ, ਇਸ ਕਾ ਮੱਖੀ ਦਾਸ, ਉਸਕਾ ਤੋਤਾ ਰਾਮ ਔਰ ਵੋ ਖੜ੍ਹਾ ਹੈ ਚਿੜੀ ਰਾਮ...!

...ਤੇ ਉਹ ਖੜ੍ਹਾ ਹੱਗੀ (ਟੱਟੀ) ਰਾਮ ਤੇ ਔਹ ਖੜ੍ਹਾ ਮੂਤਰੂ ਰਾਮ? ਭਾਈਏ ਨੇ ਵਿਚੋਂ ਹੀ ਟੋਕਦਿਆਂ ਜਿਵੇਂ ਭੱਈਏ ਦੀ ਸਮਾਜਿਕ ਪੁਸ਼ਟੀ ਲਈ ਗੱਲ ਤੋਰੀ ਹੋਵੇ।

ਹਮਰੇ ਸਭੀ ਨਾਮ ਐਸੇ ਹੀ ਗੰਦਮੰਦ ਪਰ ਹੈਂ!

...ਤੋ ਤੁਮ ਆਪਣੇ ਨਾਮ ਦੂਜੇ ਲੋਕਾਂ ਬਰਗੇ ਰਖ ਲੋ! ਇਸ ਮੇਂ ਕੀ ਦਿੱਕਤ ਹੈ! ਭਾਈਏ ਸਹਿਜ ਸੁਭਾ ਹੀ ਕਹਿ ਦਿੱਤਾ।

'ਠਾਕੁਰੋ, ਰਾਜਪੂਤੋਂ ਜੈਸੇ! ਭਗਵਾਨ ਕਾ ਨਾਮ ਲੋ! ...ਮੇਰੇ ਮਾਂ-ਬਾਪ ਨੇ ਮੇਰੇ ਛੋਟੇ ਭਾਈ ਕਾ ਨਾਮ ਉਦੈ ਸਿੰਘ ਰਖ ਲੀਆ ਔਰ ਠਾਕੁਰ ਲੱਠ ਲੇ ਕਰ ਆ ਗਏ ਕਿ ਆਪ ਨੇ ਹਮਾਰੇ ਪਿਤਾ ਜੀ ਕਾ ਨਾਮ ਕੈਸੇ ਰਖਾ। ਕਹਿਨੇ ਲਗੇ ਕੇ ਤੁਮ ਹਮਰੇ ਬਾਪ ਬਨਨਾ ਚਾਹਤੇ ਹੋ? ਤੁਮੇ ਕਿਆ ਹਕ ਹੈ ਕੇ ਤੁਮ ਹਮਰੇ ਜੈਸੇ ਨਾਮ ਰੱਖੋ। ਅੱਛਾ ਚਾਹਤੇ ਹੋ ਤੋ ਇਸ ਨਾਮ ਕੋ ਛੋੜੋ ਔਰ ਕੋਈ ਦੂਸਰਾ ਨਾਮ ਰਖੋ, ਇਸੇ ਮੇਂ ਆਪ ਸਭ ਕੀ ਭਲਾਈ ਹੈ'। ਭੱਈਏ ਦੇ ਚਿਹਰੇ 'ਤੇ ਉਦਾਸੀ ਦੀ ਤਹਿ ਕਿਸੇ ਬਰਸਾਤੀ ਚੋ ਵਾਂਗ ਦੇ ਹੜ੍ਹ ਵਾਂਗ ਕਾਹਲੀ-ਕਾਹਲੀ ਚੜ੍ਹ ਰਹੀ ਸੀ।"[4]

ਬਲਬੀਰ ਮਾਧੋਪੁਰੀ ਆਪਣੀ ਸ੍ਵੈ-ਜੀਵਨੀ ਵਿਚ ਆਪਣੇ ਪਿਤਾ ਅਤੇ ਪ੍ਰਵਾਸੀ ਮਜ਼ਦੂਰ ਦੇ ਸੰਵਾਦ ਦੀ ਜੁਗਤ ਸਦਕਾ ਉੱਤਰ-ਪ੍ਰਦੇਸ਼ ਦੀ ਦਲਿਤ ਪਛਾਣ ਦੀ ਪੀੜਾ ਦੀ ਪੇਸ਼ਕਾਰੀ ਕਰਦਾ ਹੈ, ਜਿਸਦਾ ਉਸਦੀ ਨਿੱਜੀ ਦਲਿਤ ਜ਼ਿੰਦਗੀ ਨਾਲ ਕੋਈ ਵਾਸਤਾ ਨਹੀਂ, ਪ੍ਰੰਤੂ ਦਲਿਤ ਪਛਾਣ ਨਾਲ ਸੰਬੰਧਿਤ ਹੋਣ ਕਰਕੇ ਅਤੇ ਉਸਦੇ ਸਮੁੱਚੇ ਭਾਰਤੀ ਦਲਿਤ ਵਰਗ ਨਾਲ ਹਮਦਰਦੀ ਵਾਲੇ ਰਵੱਈਏ ਵਿਚੋਂ ਇਹ ਬਿਰਤਾਂਤ ਉਸਾਰਿਆ ਗਿਆ ਹੈ। ਇਸ ਘਟਨਾ ਦਾ ਸ੍ਵੈ-ਜੀਵਨੀ ਵਿਚ ਸ਼ਾਮਲ ਹੋਣਾ ਬਲਬੀਰ ਮਾਧੋਪੁਰੀ ਦੀ ਦਲਿਤ ਚੇਤਨਾ ਅਤੇ ਦਲਿਤ ਸੰਵੇਦਨਾ ਨੂੰ ਸਮੂਹਿਕਤਾ ਵਜੋਂ ਪੇਸ਼ ਕਰਦਾ ਹੈ, ਜੋ ਕਿ ਦਲਿਤ ਹੋਣ ਦੇ ਨਾਤੇ ਉਸ ਦੀ ਹਾਲਤ ਨਾਲ ਮੇਲ ਖਾਂਦੀ ਹੈ। ਮਹੱਤਵਪੂਰਨ ਸਵਾਲ ਇਹ ਹੈ ਕਿ ਵਿਅਕਤੀਗਤ ਜੀਵਨ ਦਾ ਮੁਜੱਸਮਾ ਪੇਸ਼ ਕਰਨ ਵਾਲੀ ਸਾਹਿਤਕ ਸਿਨਫ਼ ਸ੍ਵੈ-ਜੀਵਨੀ ਆਪਣੇ ਵਿਧਾਗਤ ਚੌਖਟੇ

ਨੂੰ ਇਨ੍ਹਾਂ ਸ੍ਵੈ-ਜੀਵਨੀਆਂ ਅੰਦਰ ਵਿਸਥਾਰ ਦਿੰਦੀ ਹੈ। ਨਤੀਜੇ ਵਜੋਂ ਸਮੁੱਚੇ ਦਲਿਤ ਸਮਾਜ ਦੀ ਪੀੜਾ ਸ੍ਵੈ-ਜੀਵਨੀਕਾਰ ਨੂੰ ਆਪਣੇ ਨਿੱਜੀ ਜੀਵਨ ਦੀ ਪੀੜਾ ਹੀ ਜਾਪਦੀ ਹੈ।

ਇਸੇ ਪ੍ਰਕਾਰ ਸਰੂਪ ਸਿਆਲਵੀ ਆਪਣੀ ਸ੍ਵੈ-ਜੀਵਨੀ 'ਜ਼ਲਾਲਤ' ਵਿਚ ਸ੍ਵੈ-ਜੀਵਨੀਕਾਰ ਵਜੋਂ ਖ਼ੁਦ ਗ਼ੈਰ-ਹਾਜ਼ਿਰ ਹੋ ਕੇ ਭਾਸ਼ਣੀ ਜੁਗਤ ਰਾਹੀਂ ਸਮੁੱਚੇ ਦਲਿਤ ਵਰਗ ਦੀ ਇਤਿਹਾਸਕ ਹੋਣੀ ਅਤੇ ਸੰਘਰਸ਼ ਦੀ ਵਿਥਿਆ ਨੂੰ ਪੇਸ਼ ਕਰਦਾ ਹੈ। ਉਹ 'ਆਦਿ ਧਰਮ' ਦੇ ਨਾਂ ਹੇਠ ਮੂਲਵਾਸੀਆਂ ਵੱਲੋਂ ਚਲਾਈਆਂ ਗਈਆਂ ਦਲਿਤ ਲਹਿਰਾਂ, ਮੰਗੂਰਾਮ ਮੰਗੋਵਾਲੀਆ, ਜੋਤੀਬਾ ਫੂਲੇ, ਅੰਬੇਡਕਰ, ਸ਼ਾਹੂ ਜੀ ਮਹਾਰਾਜ, ਕਾਂਸ਼ੀ ਰਾਮ, ਡੀ.ਐਸ.ਫੋਰਸ, ਬਾਮਸੇਫ ਪਾਰਟੀ, ਭੀਮ ਆਰਮੀ, ਬਸਪਾ ਆਦਿ ਦੇ ਇਤਿਹਾਸ ਅਤੇ ਸੰਘਰਸ਼ਾਂ ਦੀ ਗਾਥਾ ਨੂੰ ਵਿਸਥਾਰਿਤ ਰੂਪ ਵਿਚ ਪੇਸ਼ ਕਰਦਾ ਹੈ। ਇਨ੍ਹਾਂ ਲਹਿਰਾਂ ਦਾ ਸਰੂਪ ਸਿਆਲਵੀ ਦੀ ਨਿੱਜੀ ਜ਼ਿੰਦਗੀ ਨਾਲ ਤਾਂ ਕੋਈ ਸਰੋਕਾਰ ਨਹੀਂ ਪ੍ਰੰਤੂ ਉਸਦੇ ਦਲਿਤ ਹੋਣ ਨਾਲ ਇਸ ਸਭ ਦਾ ਸੰਬੰਧ ਜ਼ਰੂਰ ਜੁੜਿਆ ਹੈ। ਇਸੇ ਕਰਕੇ ਸਰੂਪ ਸਿਆਲਵੀ ਦਲਿਤ ਮੁਕਤੀ ਲਈ ਉੱਠੀਆਂ ਲਹਿਰਾਂ ਅਤੇ ਇਨ੍ਹਾਂ ਲਹਿਰਾਂ ਨਾਲ ਸੰਬੰਧਿਤ ਦਲਿਤ ਸ਼ਖ਼ਸੀਅਤਾਂ ਤੋਂ ਕਿਤੇ ਨਾ ਕਿਤੇ ਪ੍ਰਭਾਵਿਤ ਵੀ ਹੁੰਦਾ ਹੈ। ਜਿਸ ਦੀ ਪੁਸ਼ਟੀ ਸਰੂਪ ਸਿਆਲਵੀ ਸੁਚੇਤਕ ਪੱਧਰ 'ਤੇ ਆਪਣੀ ਸ੍ਵੈ-ਜੀਵਨੀ 'ਜ਼ਲਾਲਤ' ਦੀ ਭੂਮਿਕਾ ਵਿਚ ਹੀ ਕਰ ਦਿੰਦਾ ਹੈ:-

"ਮੈਂ ਧਰਮ ਦੇ ਅੰਧ ਵਿਸ਼ਵਾਸ ਵਿਚੋਂ ਮਾਰਕਸਵਾਦ ਦੇ ਫ਼ਲਸਫ਼ੇ ਦਾ ਅਧਿਐਨ ਕਰਕੇ ਬਾਹਰ ਨਿਕਲ ਸਕਿਆ ਹਾਂ। ਪਰ ਭਾਰਤੀ ਸਮਾਜ ਦੀ ਜਮਾਤੀ ਬਣਤਰ ਦੇ ਨਾਲ-ਨਾਲ ਜਾਤੀ ਬਣਤਰ ਵੀ ਹੋਣ ਕਰਕੇ ਦਲਿਤਾਂ, ਅਛੂਤਾਂ, ਨੂੰ ਸਮਾਜਕ ਹਾਸ਼ੀਏ ਤੇ ਧਕੇਲੇ ਜਾਣ ਬਾਰੇ, ਥੱਲੇ ਗਿਰਾਏ ਜਾਣ ਬਾਰੇ ਅੰਬੇਡਕਰ ਦੇ ਫਲਸਫੇ ਦਾ ਅਧਿਐਨ ਕਰਕੇ ਹੀ ਜਾਣ ਸਕਿਆ ਹਾਂ। ਉਤਰ ਅੰਬੇਡਕਰ ਕਾਲ ਵਿਚ ਮੈਂ ਦਲਿਤਾਂ ਅਤੇ ਸ਼ੋਸ਼ਿਤਾਂ ਨੂੰ ਚੇਤਨ ਕਰਨ ਦੇ ਮੈਂ ਬਾਬੂ ਕਾਂਸ਼ੀ ਰਾਮ ਦੇ ਮੰਚ 'ਬਾਮਸੇਫ' ਦੇ ਮਿਸ਼ਨ ਨਾਲ ਜੁੜਿਆ ਰਿਹਾ।"[5]

ਦਲਿਤ ਸ੍ਵੈ-ਜੀਵਨੀਕਾਰ ਆਪਣੇ ਸ੍ਵੈ-ਜੀਵਨੀ ਕਲਾਮਾਂ ਵਿਚ ਵਿਅਕਤੀਗਤ ਪਛਾਣ ਨੂੰ ਸਮੂਹਿਕ ਪਛਾਣ ਵਿਚ ਚੇਤਨ ਤੌਰ 'ਤੇ ਰਲਗੱਡ ਕਰਦੇ ਪ੍ਰਤੀਤ ਹੁੰਦੇ ਹਨ। ਉਨ੍ਹਾਂ ਕੋਲ ਇਕੱਲੇ-ਇਕੱਲੇ ਆਪਣੀ ਗੱਲ ਕਹਿਣ ਦੀ ਅਤੇ ਫਿਰ ਉਸ ਗੱਲ ਨੂੰ ਆਪਣੇ ਹੀ ਦਮ ਤੇ ਸਵੀਕਾਰ ਕਰਵਾਉਣ ਦੀ ਤਾਕਤ ਨਹੀਂ ਹੈ। ਅਸਲ ਵਿਚ ਇਕ ਦਲਿਤ ਵਰਗ ਦੇ ਵਿਅਕਤੀ ਦੀ ਪਛਾਣ ਹੀ ਸਮੂਹਿਕ ਰੂਪ ਵਿਚ ਹਿੰਦੂਵਾਦੀ/ਬ੍ਰਾਹਮਣਵਾਦੀ/ਜੱਟਵਾਦੀ

ਵਿਵਸਥਾ ਦੇ ਤਹਿਸ਼ੁਦਾ ਦਲਿਤ ਵਿਰੋਧੀ ਜ਼ਾਬਤੇ ਦੁਆਰਾ ਨਿਰਧਾਰਿਤ ਹੁੰਦੀ ਹੈ। ਜਿਸ ਜ਼ਾਬਤੇ ਨੂੰ ਤੋੜਨਾ ਇਕੱਲੇ-ਕਹਿਰੇ ਦਲਿਤ ਵਿਅਕਤੀ ਦੀ ਸਮਰੱਥਾ ਤੋਂ ਬਾਹਰ ਦਾ ਕੰਮ ਜਾਪਦਾ ਹੈ। ਇਸ ਸੰਬੰਧੀ ਸਾਰੀਆਂ ਹੀ ਦਲਿਤ ਸ੍ਵੈ-ਜੀਵਨੀਆਂ ਵਿਚ ਕਈ-ਕਈ ਘਟਨਾਵਾਂ ਦਰਜ ਹਨ। ਜਿੱਥੇ ਦਲਿਤ ਵਰਗ ਦੀ ਵੱਖਰੀ ਭਾਸ਼ਾ ਤੇ ਵੱਖਰੇ ਸਭਿਆਚਾਰਕ ਪ੍ਰਵਚਨ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਜੋ ਕਿ ਸੱਤਾ ਜਾਂ ਸਥਾਪਤੀ ਦੀ ਭਾਸ਼ਾ ਤੇ ਸਭਿਆਚਾਰਕ ਟਕਰਾਅ ਵਿਚੋਂ ਉਤਪਨ ਹੁੰਦਾ ਹੈ। ਅਸੀਂ ਇੱਥੇ ਪ੍ਰੇਮ ਗੋਰਖੀ ਦੀ ਸ੍ਵੈ-ਜੀਵਨੀ 'ਗ਼ੈਰ-ਹਾਜ਼ਿਰ ਆਦਮੀ' ਵਿਚੋਂ ਇਕ ਘਟਨਾ ਨੂੰ ਵਿਚਾਰਦੇ ਹਾਂ:-

"ਓਏ ਸਾਡੇ ਬੰਦੇ ਈ ਮਾੜੇ ਆ...ਨਈਂ ਤਾਂ ਉਹਦੀ ਬੱਠਲ ਜਹੇ ਦੀ ਕੀ ਮਜਾਲ ਆ ਹੱਥ ਲਾ ਜਾਏ...ਮਾਰ-ਮਾਰ ਕੇ ਖੁੱਚਾਂ 'ਚ ਪਾਂ ਨਾ ਪਾ ਦੀਏ"।

"ਇਹ ਬੰਦੇ ਤਦ ਬਣਨਗੇ ਜਦ ਏਕਾ ਕਰਕੇ ਕੱਲ੍ਹ ਤੋਂ ਇਨ੍ਹਾਂ ਦੇ ਖੇਤ ਵਿਚ ਕੋਈ ਵੀ ਪੈਰ ਨਾ ਪਾਵੇ..."

ਮਾਮਾ ਜੀਤ ਤੇ ਪਿਆਰਾ ਬੀਹੀ ਵਿਚ ਜਾਂਦੇ ਉੱਚੀ-ਉੱਚੀ ਬੋਲ ਰਹੇ ਸਨ। ਮਾਮੀ ਜੀਤੋ ਅੱਗੇ ਹੋ ਕੇ ਬੀਹੀ 'ਚੋਂ ਹੁੰਦੀ ਬੋਲੀ, "ਵੇ ਪਿਆਰਿਆ, ਵੇ ਕੀ ਹੋ ਗਿਆ, ਬੜਾ ਰੌਲਾ ਪੈਂਦਾ?"

"ਓਏ ਹੋਣਾ ਕੀ ਭਾਬੀ, ਆ ਸਿਆਲਕੋਟੀਆਂ ਦੀ ਗੱਲ ਆ...ਆਪਣਾ ਰੌਣਕੀ ਗਿਆ ਸੀ ਉਨ੍ਹਾਂ ਦੇ ਝੋਨਾ ਲਾਉਣ...ਲੈ ਦੇਖ ਲੈ ਤੂੰ, ਕਿਤੇ ਪੈਸਿਆਂ ਦੀ ਗੱਲ ਵਧਾ ਲਈ ਬੱਠਲ ਕੰਜਰ ਨੇ...ਪੈਂਦੀ ਸੱਟੇ ਉਨ੍ਹਾਂ ਤੇ ਉਨ੍ਹਾਂ ਦੇ ਬੁੜ੍ਹੇ ਨੇ ਰੌਣਕੀ ਨੂੰ ਢਾਅ ਲਿਆ...ਸਿਰ ਵੀ ਪਾੜ ਦਿੱਤਾ...ਉਹ ਤਾਂ ਗੱਲ ਕਰ ਪਈ ਮਗਰੋਂ ਬਾਵਾ ਸਿੰਹੁ ਹੁਣੀ ਆ ਗਏ...ਚੰਗੀ ਕਿਸਮਤ ਰੌਣਕੀ ਦੀ ਨਹੀਂ ਤਾਂ ਅੱਜ ਮਾਹੋ ਦੇ ਘਰ ਸੱਥਰ ਵਿਛਿਆ ਹੁੰਦਾ"।[6]

ਇਸ ਘਟਨਾ ਵਿਚ ਪ੍ਰੇਮ ਗੋਰਖੀ ਦਲਿਤ ਵਿਅਕਤੀ ਨਾਲ ਹਮਦਰਦੀ ਅਤੇ ਜੱਟ ਪਰਿਵਾਰ ਪ੍ਰਤੀ ਵਿਰੋਧੀ ਸੁਰ ਤਾਂ ਅਖ਼ਤਿਆਰ ਕਰਦਾ ਹੈ, ਪ੍ਰੰਤੂ ਉਹ ਇਨ੍ਹਾਂ ਦਲਿਤ ਪਾਤਰਾਂ ਦੀ ਆੜ ਵਿਚ ਖ਼ੁਦ ਗ਼ੈਰ-ਹਾਜ਼ਿਰ ਹੋ ਜਾਂਦਾ ਹੈ। ਜਦੋਂ ਕਿ ਸ੍ਵੈ-ਜੀਵਨੀ ਰੂਪਾਕਾਰ ਦੇ ਸਿਧਾਂਤਕ ਵਿਆਖਿਆ ਤਾਂ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਸ੍ਵੈ-ਜੀਵਨੀ ਦਾ ਲੇਖਕ ਆਪਣੀ ਸ੍ਵੈ-ਜੀਵਨੀ ਵਿਚ ਆਪਣੇ ਹੱਡੀਂ ਹੰਢਾਏ ਤਜ਼ਰਬਿਆਂ ਦੀ ਹੀ ਪੇਸ਼ਕਾਰੀ ਕਰਦਾ ਹੈ ਪ੍ਰੰਤੂ ਸ੍ਵੈ-ਜੀਵਨੀ ਸਾਹਿਤ ਦੀ ਸਿਧਾਂਤਕ ਰੂਪ ਰੇਖਾ ਦਲਿਤ ਸ੍ਵੈ-ਜੀਵਨੀਆਂ 'ਤੇ ਬਿਲਕੁਲ

ਵੀ ਨਹੀਂ ਢੁੱਕਦੀ। ਦਲਿਤ ਸ੍ਵੈ-ਜੀਵਨੀਆਂ ਵਿਚ ਤਾਂ ਵਿਅਕਤੀ ਦੀ ਵਿਅਕਤੀਗਤ ਪਛਾਣ ਦੂਜੈਲੀ ਹੋ ਜਾਂਦੀ ਹੈ ਅਤੇ ਸਮੂਹਿਕ ਪਛਾਣ ਪਹਿਲੇ ਸਥਾਨ 'ਤੇ ਆ ਜਾਂਦੀ ਹੈ।

ਜਦੋਂ ਦਲਿਤ ਸ੍ਵੈ-ਜੀਵਨੀਆਂ ਦੇ ਬਿਰਤਾਂਤ ਵਿਚ ਕਿਸੇ ਗ਼ੈਰ ਦਲਿਤ ਵਿਅਕਤੀ ਦਾ ਬਿੰਬ ਵੀ ਉਭਰਦਾ ਹੈ ਤਾਂ ਉਹ ਜ਼ਿਆਦਾਤਰ ਹਾਲਤਾਂ ਵਿਚ ਸਥਾਪਤ ਵਿਵਸਥਾ ਦੇ ਪੈਰੋਕਾਰ ਵਜੋਂ ਹੀ ਉਭਰਦਾ ਹੈ। ਜਿਹੜਾ ਕਿ ਕਿਸੇ ਇਕ ਦਲਿਤ ਵਿਅਕਤੀ ਨੂੰ ਮਾਨਸਿਕ ਜਾਂ ਸਰੀਰਕ ਤਸ਼ੱਦਦ ਦੇਣ ਸਮੇਂ ਵੀ ਇਕ ਵਚਨ ਦੀ ਥਾਵੇਂ ਬਹੁ-ਬਚਨੀ ਸੁਰ ਦਾ ਇਸਤੇਮਾਲ ਕਰਦਾ ਹੈ। ਇਸ ਗੱਲ ਨੂੰ ਅਸੀਂ ਲਾਲ ਸਿੰਘ ਦਿਲ ਦੇ ਹਵਾਲੇ ਨਾਲ ਵੀ ਸਮਝ ਸਕਦੇ ਹਾਂ:-

"ਅੱਜ ਇਕ ਨਵੇਂ ਹੀ ਪੁਲਸੀਏ ਦੇ ਮੂੰਹੋਂ ਸੁਣਿਆ, ਜਦੋਂ ਉਹ ਡੰਡਾ ਮਾਰ ਕੇ ਬੋਲਿਆ, ਦੇਈਏ ਤੁਹਾਨੂੰ ਜ਼ਮੀਨਾਂ ਚਮਾਰੋ"[7]।

ਇਸੇ ਤਰ੍ਹਾਂ ਦੀ ਮਾਨਸਿਕ ਅਤੇ ਸਰੀਰਕ ਤਸ਼ੱਦਦ ਦੀ ਘਟਨਾ ਨੂੰ ਅਤਰਜੀਤ ਨੇ ਆਪਣੀ ਸ੍ਵੈ-ਜੀਵਨੀ 'ਅੱਕ ਦਾ ਦੁੱਧ' ਦੇ ਬਿਰਤਾਂਤ ਵਿਚ ਸਕੂਲੀ ਵਾਤਾਵਰਣ ਅਨੁਸਾਰ ਪੇਸ਼ ਕੀਤਾ ਹੈ:-

"ਸ੍ਰੀ ਮਤੀ ਬਲਰਾਜ ਕੌਰ ਹਰਨੇਕ ਸਿੰਘ ਰਾਮਦਾਸੀਏ ਦੇ ਦੋਹਤੇ ਜਸਵੀਰ ਸਿੰਘ ਨਾਂ ਦੇ ਇਕ ਵਿਦਿਆਰਥੀ ਨੂੰ ਸ਼ਹਿਤੂਤ ਦੀ ਛਿਟੀ ਨਾਲ਼ ਧਿਹ-ਧਿਹ ਕੁੱਟਣ ਲੱਗੀ- "ਚਮਿਆਰੋ ਤੁਸੀਂ ਕੀ ਗੰਦ ਪਾਇਐ? ਚੂਹੜਿਓ ਤੁਸੀਂ ਕੀ ਗੰਦ ਪਾਇਐ"? ਵਾਕ ਉਹ ਹਰ ਡੰਡੇ ਦੇ ਨਾਲ਼ ਦੁਹਰਾਉਂਦੀ ਰਹੀ।"[8]

ਪੰਜਾਬੀ ਸਮਾਜਿਕ ਸੰਰਚਨਾ ਵਿਚ ਪੀਢੀ ਹੋ ਗਈ ਜਾਤੀ ਵਿਵਸਥਾ ਦੀ ਗੰਢ ਪ੍ਰਤੀ ਸਾਰੇ ਹੀ ਦਲਿਤ ਲੇਖਕ ਚੇਤਨ ਅਤੇ ਚਿੰਤਤ ਹਨ। ਇਸ ਲਈ ਉਹ ਇਸ ਵਿਵਸਥਾ ਦਾ ਵਿਰੋਧ ਆਪਣੀਆਂ ਸ੍ਵੈ-ਜੀਵਨੀਆਂ ਵਿਚ ਸੁਚੇਤਕ ਪੱਧਰ 'ਤੇ ਕਰਦੇ ਹਨ। ਜਿਸ ਤਰ੍ਹਾਂ ਦੀ ਜਾਤੀ ਪੀੜਾ ਨੂੰ ਦਲਿਤ ਲੇਖਕ ਪਿੱਠ-ਭੂਮੀ ਵਜੋਂ ਵਰਤ ਕੇ ਸ੍ਵੈ-ਜੀਵਨੀਆਂ ਲਿਖਦੇ ਹਨ, ਉਸੇ ਤਰ੍ਹਾਂ ਦੀ ਪੀੜਾ ਇਨ੍ਹਾਂ ਲੇਖਕਾਂ ਵਾਂਗ ਦਲਿਤ ਵਰਗ ਦਾ ਆਮ ਵਿਅਕਤੀ ਵੀ ਆਪਣੇ ਪਿੰਡੇ ਤੇ ਹੰਢਾਉਂਦਾ ਹੈ, ਉਹ ਵੀ ਇਨ੍ਹਾਂ ਲੇਖਕਾਂ ਵਰਗਾ ਹੀ ਜੀਵਨ ਜਿਊਂਦਾ ਹੈ। ਫ਼ਰਕ ਸਿਰਫ ਇਸ ਗੱਲ ਦਾ ਹੈ ਕਿ ਉਹ ਆਪਣੇ ਦੁੱਖ, ਦਰਦ, ਤਕਲੀਫ, ਦਲਿਤ ਹੋਣ ਦੀ ਪੀੜਾ ਅਤੇ ਤਸ਼ਦੱਦ ਦੀ ਕਸਕ ਨੂੰ ਅੱਖਰੀ ਜਾਮਾ ਨਹੀਂ ਪਹਿਨਾ ਸਕਦਾ। ਦੂਜੇ ਪਾਸੇ ਦਲਿਤ ਸ੍ਵੈ-

ਜੀਵਨੀਕਾਰਾਂ ਕੋਲ ਸ਼ਬਦੀ ਜਾਲ ਬੁਣਨ ਦਾ ਹੁਨਰ ਅਤੇ ਆਪਣੀ ਗੱਲ ਕਹਿਣ ਦਾ ਬਲ ਹੈ। ਇਸ ਕਰਕੇ ਦਲਿਤ ਲੇਖਕ ਦਲਿਤ ਜੀਵਨ ਦੀ ਸਮੁੱਚੀ ਦਾਸਤਾਨ ਨੂੰ ਆਪਣੀ ਸ੍ਵੈ-ਜੀਵਨੀ ਦਾ ਹਿੱਸਾ ਬਣਾ ਲੈਂਦਾ ਹੈ।

ਦਰਅਸਲ ਪੰਜਾਬੀ ਦੇ ਦਲਿਤ ਲੇਖਕਾਂ ਨੂੰ ਸ੍ਵੈ-ਜੀਵਨੀ ਲਿਖਣ ਲਈ ਉਨ੍ਹਾਂ ਦੇ ਕਿਸੇ ਨਾ ਕਿਸੇ ਨਿਕਟਵਰਤੀ ਨੇ ਹਲੂਣਾ ਜ਼ਰੂਰ ਦਿੱਤਾ ਹੈ। ਲਾਲ ਸਿੰਘ ਦਿਲ ਨੂੰ ਸ੍ਵੈ-ਜੀਵਨੀ ਲਿਖਣ ਲਈ ਅਮਰਜੀਤ ਚੰਦਨ ਅਤੇ ਪ੍ਰੇਮ ਪ੍ਰਕਾਸ਼ ਨੇ ਪ੍ਰੇਰਿਤ ਕੀਤਾ। ਬਲਬੀਰ ਮਾਧੋਪੁਰੀ ਹਿੰਦੀ ਭਾਸ਼ੀ ਦਲਿਤ ਚਿੰਤਕ ਤੇ ਮਿੱਤਰ ਐਸ.ਐਸ. ਗੌਤਮ ਦੇ ਕਹਿਣ ’ਤੇ ਸ੍ਵੈ-ਜੀਵਨੀ ਲਿਖਦਾ ਹੈ ਅਤੇ ਸਰੂਪ ਸਿਆਲਵੀ ਨੂੰ ਸ੍ਵੈ-ਜੀਵਨੀ ਲਿਖਣ ਲਈ ਭਗਵੰਤ ਰਸੂਲਪੂਰੀ ਕਹਿੰਦਾ ਹੈ। ਇਸੇ ਪ੍ਰਕਾਰ ਬਾਕੀ ਦੇ ਦਲਿਤ ਸ੍ਵੈ-ਜੀਵਨੀਕਾਰ ਵੀ ਕਿਸੇ ਨਾ ਕਿਸੇ ਤੋਂ ਪ੍ਰਭਾਵਿਤ ਹੋ ਕੇ ਜਾਂ ਕਿਸੇ ਦੇ ਕਹਿਣ ’ਤੇ ਹੀ ਦਲਿਤ ਸ੍ਵੈ-ਜੀਵਨੀ ਸਾਹਿਤ ਦੇ ਖੇਤਰ ਵਿਚ ਪੈਰ ਧਰਦੇ ਹਨ।

ਇਸ ਲਈ ਇਨ੍ਹਾਂ ਸ੍ਵੈ-ਜੀਵਨੀਕਾਰਾਂ ਦੇ ਬਿਰਤਾਂਤਾਂ ਦਾ ਵੱਡਾ ਹਿੱਸਾ ਮੁੱਖ ਤੌਰ ’ਤੇ ਦਲਿਤ ਪਛਾਣ ਨਾਲ ਜੂਝ ਰਹੇ ਸਮੁੱਚੇ ਦਲਿਤ ਵਰਗ ਦੇ ਲੋਕਾਂ ਦੀ ਹੋਣੀ ਨੂੰ ਬਿਆਨਣਾ ਹੈ। ਜ਼ਿਆਦਾਤਰ ਦਲਿਤ ਲੇਖਕ ਆਪਣੇ ਦਲਿਤ ਨਿਕਟਵਰਤੀਆਂ ਦਾ ਹੀ ਜੀਵਨ ਬਿੰਬ ਸ੍ਵੈ-ਜੀਵਨੀਆਂ ਵਿਚ ਦਲਿਤ ਪਛਾਣ ਵਜੋਂ ਉਭਾਰਦੇ ਹਨ। ਦਲਿਤ ਸਮੂਹ ਅਤੇ ਗ਼ੈਰ-ਦਲਿਤ ਸਮੂਹ ਦੇ ਸਭਿਆਚਾਰਕ ਬਿੰਬ ਦੀ ਉਸਾਰੀ ਦੇ ਤੌਰ ’ਤੇ ਅਸੀਂ ਸਰੂਪ ਸਿਆਲਵੀ ਦੀ ਸ੍ਵੈ-ਜੀਵਨੀ ‘ਜ਼ਲਾਲਤ’ ਵਿਚੋਂ ਇਕ ਘਟਨਾ ਬਾਰੇ ਚਰਚਾ ਕਰਦੇ ਹਾਂ।

“ਨਿਰਮਲ ਸਿੰਘ ਤੇ ਜਸਬੀਰ ਸਿੰਘ ਨੇ ਪਰਮਜੀਤ ਸਿੰਘ ਵਿਰੁੱਧ ਚੋਣ ਪ੍ਰਚਾਰ ਕਰਕੇ ਸਿਆਲਵਾ ਸਕੂਲ ਦੇ ਸਟਾਫ਼ ਦੁਆਰਾ ਖੁਆਈ ਗਈ ਕਸਮ ਨੂੰ ਤੋੜਿਆ ਸੀ। ਇਸ ਲਈ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਸਿਆਲਵਾ ਸਕੂਲ ਦੇ ਜੈਂਟਸ ਸਟਾਫ਼ ਦੀ ਮੀਟਿੰਗ ਬੁਲਾਈ ਗਈ। ਜਿਸ ਵਿਚ ਨਿਰਮਲ ਸਿੰਘ ਨੂੰ ਦੋ ਬੋਤਲਾਂ ਸ਼ਰਾਬ ਦੀਆਂ ਦੇਣ ਦਾ ਜੁਰਮਾਨਾ ਕੀਤਾ ਗਿਆ। ਜਦ ਕਿ ਜਸਬੀਰ ਸਿੰਘ ਦਾ ਸਟਾਫ਼ ਵੱਲੋਂ ਸ਼ੋਸ਼ਲ ਬਾਈਕਾਟ ਕਰ ਦਿੱਤਾ ਗਿਆ ਤੇ ਜਸਬੀਰ ਸਿੰਘ ਨੂੰ ਸਕੂਲ ਦੇ ਅਧਿਆਪਕਾਂ ਨੇ ਬੁਲਾਉਣਾ ਬੰਦ ਕਰ ਦਿੱਤਾ। ਨਿਰਮਲ ਸਿੰਘ ਅਤੇ ਜਸਬੀਰ ਸਿੰਘ ਦੋਵੇਂ ਹੀ ਅਧਿਆਪਕ ਮਾਸਟਰ ਕੇਡਰ ਨਾਲ ਸੰਬੰਧਤ ਸਨ ਪਰ ਜਸਬੀਰ ਸਿੰਘ ਦਾ ਸਟਾਫ਼ ਵੱਲੋਂ ਸੋਸ਼ਲ ਬਾਈਕਾਟ ਅਨੁਸੂਚਿਤ ਜਾਤੀ

ਨਾਲ ਸੰਬੰਧਤ ਦਲਿਤ ਹੋਣ ਕਰਕੇ ਕੀਤਾ ਗਿਆ। ਜਦਕਿ ਨਿਰਮਲ ਸਿੰਘ ਨੂੰ ਉੱਚੀ ਜਾਤੀ ਦਾ ਹੋਣ ਕਰਕੇ ਕੇਵਲ ਦੋ ਬੋਤਲਾਂ ਦਾਰੂ ਦੀਆਂ ਪਿਲਾਉਣ ਦਾ ਦੰਡ ਲਾ ਕੇ ਛੱਡ ਦਿੱਤਾ ਗਿਆ।"[9]

ਇਸ ਘਟਨਾ ਦੇ ਰਾਹੀਂ ਲੇਖਕ ਦੋ ਵਿਅਕਤੀਆਂ ਦੇ ਸਹਾਰੇ ਦੋ ਸਮਾਜਾਂ ਦੇ ਯਥਾਰਥਾਂ ਨੂੰ ਪੇਸ਼ ਕਰਕੇ ਦਲਿਤ ਪਛਾਣ ਨਾਲ ਸੰਬੰਧਿਤ ਵਿਅਕਤੀ ਦੀ ਪੀੜਾ ਨੂੰ ਚਿਤਰਦਾ ਹੈ। ਇਸੇ ਪ੍ਰਕਾਰ ਅਤਰਜੀਤ ਦਲਿਤ ਬਿੰਬ ਦੇ ਵਿਅਕਤੀਗਤ ਰੂਪ ਨੂੰ ਪੇਸ਼ ਕਰਦੀ ਘਟਨਾ ਨੂੰ ਛੂੰਹਦਾ ਹੈ, ਪ੍ਰੰਤੂ ਉਸ ਘਟਨਾ ਦਾ ਬਿੰਬ ਸਮੂਹਿਕਤਾ ਦੇ ਪ੍ਰਭਾਵ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ, ਜਿਹੜਾ ਕਿ ਵਿਅਕਤੀਗਤ ਭਿੱਟ ਦੀ ਪੀੜਾ ਨੂੰ ਦਲਿਤ ਵਰਗ ਦੀ ਭਿੱਟ ਪੀੜਾ ਬਣਾ ਦਿੰਦਾ ਹੈ ਜੋ ਕਿ ਸਥਾਪਤੀ ਦੀ ਭਾਸ਼ਾ ਅਤੇ ਸਭਿਆਚਾਰ ਨੂੰ ਕਾਟੇ ਹੇਠ ਕਰ ਦਿੰਦੀ ਹੈ:-

"ਕਰਤਾਰ ਕਵੀਸ਼ਰ ਦੀ ਇੱਥੇ ਭੈਣ ਵਿਆਹੀ ਹੋਈ ਸੀ। ਕਰਤਾਰ ਦਾ ਭਣੋਈਆ ਇਕ ਦਿਨ ਮੈਨੂੰ ਲੈਣ ਆ ਗਿਆ। ਚਾਹ-ਪਾਣੀ ਪੀ ਕੇ ਮੈਂ ਜਾਣਾ ਚਾਹੁੰਦਾ ਸਾਂ ਪਰ ਉਨ੍ਹਾਂ ਨੇ ਰੋਕ ਲਿਆ-ਨਾ ਭਾਈ, ਮੈਂ ਨੀ ਜਾਣ ਦਿੰਦੀ। ਅੱਜ ਦੀ ਰਾਤ ਤਾਂ ਮੈ ਤੈਨੂੰ ਰੱਖੂੰਗੀ। ਭੂਆ ਲੱਗਦੀ ਕਰਤਾਰ ਦੀ ਭੈਣ ਨੇ ਓੜਕ ਕਰਕੇ ਮੈਨੂੰ ਰੱਖ ਲਿਆ। ਮੈਂ ਆਪਣੇ ਆਪ ਨੂੰ ਧੰਨਭਾਗ ਸਮਝਣ ਲੱਗਿਆ। ਅੱਜ ਪਹਿਲੀ ਵਾਰ ਜੱਟਾਂ ਦੇ ਘਰ ਦਾ ਮਹਿਮਾਨ ਜੋ ਬਣਨਾ ਸੀ।

ਬੜੇ ਸਲੀਕੇ ਨਾਲ ਭੂਆ ਨੇ ਮੈਨੂੰ ਰੋਟੀ ਖਵਾਈ। ਰਾਤ ਨੂੰ ਬਹੁਤ ਸੋਹਣਾ ਅਣਲੱਗ ਬਿਸਤਰਾ ਤੇ ਉਪਰ ਫੁੱਲਾਂ ਦੀ ਕਢਾਈ ਵਾਲੀ ਬਹੁਤ ਹੀ ਸੋਹਣੀ ਚਾਦਰ। ਅੱਜ ਤਾਂ ਜੋਧਪੁਰ ਪਾਖਰ ਵਿਚ ਜਿਵੇਂ ਕੋਈ ਰੱਬ 'ਮਾਨਸ ਕੀ ਜਾਤ ਸਬ ਏਕੋ ਹੀ ਪਹਿਚਾਣਬੋ' ਦਾ ਬੀਜ ਬੀਜਣ ਲੱਗਾ ਹੋਇਆ ਸੀ ਤੇ ਸ਼ਾਇਦ ਇਸਦੀ ਭਰਪੂਰ ਫ਼ਸਲ ਕਰਤਾਰ ਦੀ ਭੈਣ ਦੇ ਵਿਹੜੇ ਉੱਗ ਆਈ ਸੀ। ਖੀਰ ਕੜਾਹ ਜਿਹੇ ਪਕਵਾਨਾਂ ਨਾਲ਼ ਮੇਰਾ ਸਵਾਗਤ ਹੋਇਆ।

ਮਹੀਨੇ ਵੀਹ ਕੁ ਦਿਨਾਂ ਬਾਅਦ ਮੈਨੂੰ ਫਿਰ ਸੁਨੇਹਾ ਆ ਗਿਆ। ਜੋ ਇਸ ਤੋਂ ਪਹਿਲੋਂ ਪ੍ਰਭਾਵ ਬਣਿਆ ਸੀ। ਉਹ ਜਾਤੀ-ਪਾਤੀ ਵਿਵਸਥਾ ਦੇ 'ਬਠਿੰਡੇ ਵਾਲੇ ਕਿਲੇ ਦੇ ਦਿਉ' ਦੀ ਮਾਰ ਵਿਚ ਆ ਗਿਆ। ਮੂੰਹ ਹਨੇਰੇ ਉਨ੍ਹਾਂ ਦਾ ਸੀਰੀ ਖੇਤੋਂ ਘਰ ਆ ਗਿਆ ਤਾਂ ਮੈਂ ਕਰਤਾਰ ਦੀ ਭੈਣ ਦੇ ਇਹ ਬੋਲ ਸੁਣੇ- "ਭਾਈ ਤੂੰ ਪਹਿਲਾਂ ਘਰੇ ਜਾ ਆ। ਨਾਲ਼ੇ ਤਾਂ ਥਾਲ਼

ਕੌਲੀ ਗਲਾਸ ਲੈ ਆਈਂ, ਨਾਲੇ ਓਦਣ ਵਾਲ਼ਾ ਬਿਸਤਰਾ ਚੱਕ ਲਿਆ। ਪੜਦੇ ਨਾਲ਼ ਲਿਆਈਂ। ਮੁੰਡੇ ਨੂੰ ਪਤਾ ਨਾ ਲੱਗ ਜੇ। ਓਦਣ ਮੈਨੂੰ ਭਾਂਡੇ ਅੱਡ ਚੁੱਲ੍ਹੇ 'ਚ ਸਿੱਟਣੇ ਪਏ ਸੀ"[10]।

ਪ੍ਰਵਾਨਿਤ, ਪ੍ਰਚੱਲਿਤ ਤੇ ਸਥਾਪਿਤ ਭਾਰਤੀ ਸਭਿਆਚਾਰ ਵਿਚ ਜਾਤੀ-ਪਾਤੀ ਵਿਵਸਥਾ ਦੀਆਂ ਜੜ੍ਹਾਂ ਐਨੀਆਂ ਵਿਸ਼ਾਲ ਰੂਪ ਵਿਚ ਫੈਲੀਆਂ ਹੋਈਆਂ ਹਨ ਕਿ ਕਈ ਵਾਰੀ ਖ਼ੁਦ ਨੂੰ ਮਾਰਕਸਵਾਦੀ/ਸਮਾਜਵਾਦੀ ਕਹਾਉਂਦੇ ਸਵਰਨ ਜਾਤੀ ਨਾਲ ਸੰਬੰਧਿਤ ਅਗਾਂਹਵਧੂ ਆਗੂ ਵੀ ਇਸਦੇ ਰੰਗ ਤੋਂ ਵੰਚਿਤ ਨਹੀਂ ਰਹਿੰਦੇ। ਉਹ ਵੀ ਦਲਿਤ ਵਰਗ ਦੇ ਆਪਣੇ ਹੀ ਸਾਥੀਆਂ ਨੂੰ ਜਾਤੀਵਾਦੀ ਤੌਰ 'ਤੇ ਇਸ ਤਰ੍ਹਾਂ ਪ੍ਰੇਸ਼ਾਨ ਕਰਦੇ ਹਨ ਕਿ ਉਹ ਨੀਮ ਨਿਰਾਸ਼ਾ ਅਤੇ ਹੀਣ ਭਾਵਨਾ ਦੇ ਸ਼ਿਕਾਰ ਹੋ ਜਾਂਦੇ ਹਨ। ਇਸਦੇ ਸੰਬੰਧ ਵਿਚ ਅਤਰਜੀਤ ਦੀ ਸ੍ਵੈ-ਜੀਵਨੀ ਦੀ ਇਕ ਘਟਨਾ ਨੂੰ ਵਿਚਾਰਦੇ ਹਾਂ:-

"ਪ੍ਰਧਾਨ ਜੀ ਤੇ ਸਾਥੀਓ, ਆਪਾਂ ਕਮਿਊਨਿਸਟ ਪਾਰਟੀ (ਮਾ.) ਦੇ ਗੁਪਤ ਸੈੱਲ ਦੀ ਮੀਟਿੰਗ ਕਰ ਰਹੇ ਹਾਂ। ਮੈਨੂੰ ਪਾਰਟੀ ਉੱਤੇ ਬਹੁਤ ਵੱਡਾ ਗਿਲਾ ਹੈ, ਕਿ ਅਧਿਆਪਕਾਂ ਵਿਚ ਕੰਮ ਕਰਨ ਵਾਲੇ ਬਹੁਤੇ ਸਾਥੀ ਬੋਤਲ ਦੁਆਲੇ ਘੁੰਮਦੀਆਂ ਦੋਸਤੀਆਂ ਦੇ ਸਿਰ 'ਤੇ ਜੱਥੇਬੰਦੀ ਦੀ ਉਸਾਰੀ ਕਰ ਰਹੇ ਹਨ। ਮੈਂ ਸਮਝਦਾ ਹਾਂ ਕਿ ਪੜਚੋਲ਼ ਅਤੇ ਆਪਾ ਪੜਚੋਲ਼ ਦੇ ਹਥਿਆਰ ਨਾਲ਼ ਪਾਰਟੀ ਦੀ ਇਮਾਰਤ ਸਾਜ਼ੀ ਹੁੰਦੀ ਹੈ। ਇਸ ਸਿਧਾਂਤ ਨੂੰ ਪਾਰਟੀ ਵਿਚ ਕੋਈ ਥਾਂ ਹੀ ਨਹੀਂ ਦਿੱਤੀ ਜਾਂਦੀ। ਭੁੱਚੋ ਕਲਾਂ ਵਾਲੇ ਤ੍ਰਿਸਕਾਰ ਭਰੇ ਮੁੱਦੇ 'ਤੇ ਮੇਰੇ ਹੱਕ ਵਿਚ ਖੜ੍ਹਨ ਦੀ ਥਾਂ ਇਹ ਦਲੀਲ ਦਿੱਤੀ ਗਈ ਹੈ ਕਿ ਰੂਮੀ ਵਾਲੇ ਦਾ ਵਿਰੋਧ ਕਰਨ ਨਾਲ ਅਕਾਲੀ ਪਾਰਟੀ ਵਿਚ ਰੁੱਚੀ ਰੱਖਣ ਵਾਲੇ ਡੇਰਾ ਪੰਥੀ ਅਧਿਆਪਕਾਂ ਦੀਆਂ ਵੋਟਾਂ ਟੁੱਟ ਜਾਣਗੀਆਂ। ਵਾਹ ਰਾਜਨੀਤੀ!!! ਮੈਂ ਇਹ ਪੁੱਛਣ ਦੀ ਆਗਿਆ ਮੰਗਦਾ ਹਾਂ ਕਿ ਅਸੀਂ ਕਿਹੜਾ ਕਾਡਰ ਤਿਆਰ ਕਰਨ ਲੱਗੇ ਹਾਂ। ਅਸੀਂ ਕਿਹੜੇ ਸੰਘਰਸ਼ ਦੀ ਤਿਆਰੀ ਕਰ ਰਹੇ ਹਾਂ? ਮੈਂ ਅੱਜ ਦੀ ਸਭਾ ਵਿਚ ਆਪਣੇ ਆਪ ਨੂੰ ਪੇਸ਼ ਕਰਦਾ ਹਾਂ ਕਿ ਅੱਜ ਮੇਰੀ ਦੱਬ ਕੇ ਪੜਚੋਲ ਕੀਤੀ ਜਾਵੇ। ਮੈਂ ਆਪਣੀ ਗਲਤੀ ਸਵੀਕਾਰ ਕਰੂੰਗਾ ਤੇ ਸੁਧਾਰਨ ਦਾ ਯਤਨ ਕਰੂੰਗਾ। ਮੇਰਾ ਮਨ ਬੁਰੀ ਤਰ੍ਹਾਂ ਟੁੱਟ ਚੁੱਕਾ ਹੈ ਤੇ ਮੈਨੂੰ ਆਪਣੇ ਆਪ ਨੂੰ ਸੰਭਾਲਣਾ ਵੀ ਮੁਸ਼ਕਲ ਲੱਗ ਰਿਹਾ ਹੈ"।

ਕਮਰੇ ਵਿਚ ਸਨਾਟਾ ਛਾ ਗਿਆ। ਜਿਵੇਂ ਕੋਈ ਹੁੰਦਾ ਹੀ ਨਹੀਂ। ਮੇਰੀਆ ਸਾਰੀਆਂ ਗੱਲਾਂ ਦਾ ਕਿਸੇ ਨੇ ਕੋਈ ਜਵਾਬ ਹੀ ਨਾ ਦਿੱਤਾ। ਹਰਪਾਲ ਸਿੰਘ ਚੀਮਾ ਹੀ ਬੋਲੇ ਸਨ- ਸਾਥੀ

ਅਤਰਜੀਤ ਸਿੰਘ ਹੋਰਾਂ ਨੇ ਜੋ ਕਿਹੈ ਬਹੁਤ ਵਜਨਦਾਰ ਕਿਹੈ। ਸਾਨੂੰ ਉਨ੍ਹਾਂ ਦੀ ਗੱਲ ਸਮਝਣੀ ਚਾਹੀਦੀ ਸੀ"...ਤੇ ਫਿਰ ਲੰਮੀ ਚੁੱਪ। ਨਿਰਾਸ਼ ਹੋ ਕੇ ਮੈਂ ਪਾਰਟੀ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ। ਪਾਰਟੀ ਦੇ ਸੰਵਿਧਾਨ ਮੁਤਾਬਕ ਅਸਤੀਫ਼ਾ ਨਹੀਂ ਸੀ ਦਿੱਤਾ ਜਾ ਸਕਦਾ। ਏਸ ਗੱਲ ਦਾ ਜਦੋਂ ਮਾਰਕਸੀ ਆਲੋਚਕ 'ਕਾਮਰੇਡ ਸੁਰਜੀਤ ਗਿੱਲ' ਨੂੰ ਪਤਾ ਲੱਗਿਆ ਤਾਂ ਉਸਦੇ ਨੱਕ 'ਚੋਂ ਨਹੀਂ, ਮੂੰਹੋਂ ਠੂਹੇ ਡਿੰਗਣ ਲੱਗੇ- "ਓਸ ਮਾਂ ਚੋਦ, ਭੈਣ ਚੋਦ ਚਮਿਆਰ ਨੂੰ ਅਸੀਂ ਦੱਸਾਂਗੇ ਕਿ ਅਸਤੀਫ਼ਾ ਮਨਜ਼ੂਰ ਨਹੀਂ ਹੁੰਦਾ - ਪਾਰਟੀ 'ਚੋਂ ਸੰਵਿਧਾਨ ਮੁਤਾਬਿਕ ਕੱਢਿਆ ਜਾਂਦਾ ਹੈ।"[11]

ਜਿਸ ਤਰ੍ਹਾਂ ਦੀ ਦਲਿਤ ਪੀੜਾ ਦਾ ਸ਼ਿਕਾਰ ਅਤਰਜੀਤ ਆਪਣੇ ਹੀ ਕਮਿਊਨਿਸਟ ਸਾਥੀਆਂ ਤੋਂ ਹੁੰਦਾ ਹੈ, ਉਸੇ ਤਰ੍ਹਾਂ ਦੀ ਪੀੜਾ ਲਾਲ ਸਿੰਘ ਦਿਲ ਵੀ ਹੰਢਾਉਂਦਾ ਹੈ। ਜਿਸ ਦੇ ਸੰਬੰਧ ਵਿਚ ਉਹ ਕਾਮਰੇਡਾਂ ਪ੍ਰਤੀ ਆਪਣਾ ਰੋਸ ਪ੍ਰਗਟ ਕਰਦਿਆਂ ਲਿਖਦਾ ਹੈ ਕਿ:-

"ਸਥਾਨਕ ਥਾਣੇ ਦੀ ਹਵਾਲਤ ਵਿਚ ਕੁਝ ਦੋਸ਼ੀ ਸਨ। ਇਕ ਪਾਸੇ ਦੀ ਹਵਾਲਤ ਖਾਲੀ ਕਰਵਾ ਕੇ ਮੈਨੂੰ ਇੱਕਲੇ ਨੂੰ ਵਾੜ ਕੇ ਬਾਹਰੋਂ ਤਾਲਾ ਲਾ ਦਿੱਤਾ ਗਿਆ। ਮੈਂ ਪੁਲਸ ਨਾਲ ਦੁਸ਼ਮਣੀ ਦੇ ਮਾਨਸਿਕ ਪੱਧਰ ਤੱਕ ਨਹੀਂ ਸਾ ਪਹੁੰਚਿਆ ਹੋਇਆ ਅਤੇ ਹੁਣ ਵੀ ਮੈਂ ਜਾਤੀ ਤਜ਼ਰਬੇ 'ਚੋਂ ਦੇਖਿਆ ਕੇ ਉਹ ਕਾਮਰੇਡਾਂ ਨਾਲੋਂ ਵੱਧ ਗਏ ਗੁਜਰੇ ਨਹੀਂ। ਮੈਂ ਜਖਮੀ ਸ਼ੇਰ ਵਾਂਗ ਇੱਧਰ-ਉੱਧਰ ਚੱਕਰ ਕੱਟ ਰਿਹਾ ਸਾਂ। ਸਾਮ੍ਹਣੇ ਹਵਾਲਾਤ ਵਿਚ ਸਾਮ੍ਹਣੇ ਬੈਠੇ ਅਜੀਬ ਤਰ੍ਹਾਂ ਮੇਰੇ ਵੱਲ ਦੇਖ ਰਹੇ ਸਨ। ਥੋੜ੍ਹੀ ਦੇਰ ਹਵਾਲਾਤ ਵਿਚ ਰਹਿਣ ਉਪਰੰਤ ਮੈਂ ਕੁਝ ਸ਼ਾਤੀ ਮਹਿਸੂਸ ਕੀਤੀ।"[12]

ਸਾਰੀਆਂ ਹੀ ਦਲਿਤ ਸ੍ਵੈ-ਜੀਵਨੀਆਂ ਦੀ ਬਿਰਤਾਂਤਕ ਪਤ੍ਰਤ ਤੋਂ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਸਭ ਨਾਲ ਦਲਿਤ ਹੋਣ 'ਤੇ ਇਕੋ-ਜਿਹਾ ਸਲੂਕ ਹੀ ਹੋਇਆ ਹੋਵੇ। ਸਾਰੇ ਹੀ ਦਲਿਤ ਲੇਖਕ ਇਕੋ-ਜਿਹੀ ਦਲਿਤ ਪਛਾਣ ਦੀ ਹੀ ਨਿਰਮਾਣਕਾਰੀ ਕਰਦੇ ਪ੍ਰਤੀਤ ਹੁੰਦੇ ਹਨ। ਜਦੋਂ ਉਹ ਦਲਿਤ ਵਿਤਕਰੇ ਦੀ ਭਾਵਨਾ ਵਜੋਂ ਆਪਣੀ ਸ੍ਵੈ-ਪਛਾਣ ਦਾ ਨਿਰਮਾਣ ਕਿਸੇ ਖ਼ਾਸ ਨਿੱਜੀ ਘਟਨਾ ਰਾਹੀਂ ਕਰਦੇ ਹਨ ਤਾਂ ਉਹ ਵੀ ਸਮੂਹ ਦਲਿਤ ਵਰਗ ਦੀ ਪਛਾਣ ਵਾਂਗ ਹੀ ਨਜ਼ਰ ਆਉਂਦੀ ਹੈ। ਇਸ ਪ੍ਰਕਿਰਿਆ ਵਿਚ ਲੇਖਕ ਦੀ ਲਿਖਣ ਸ਼ੈਲੀ ਵਿਚ ਜ਼ਰੂਰ

ਭਿੰਨਤਾ ਦੇਖੀ ਜਾ ਸਕਦੀ ਪ੍ਰੰਤੂ ਜਦੋਂ ਅਸੀਂ ਦਲਿਤ ਲੇਖਕ ਨੂੰ ਦਲਿਤ ਹੋਣ ਦੀ ਹੀਣ ਭਾਵਨਾ, ਗ਼ੁਲਾਮੀ ਦਾ ਅਹਿਸਾਸ, ਜ਼ਮੀਨ ਵਿਹੁਣਾਪਣ, ਜਾਤੀ-ਪਾਤੀ ਵਿਤਕਰੇ, ਸਾਧਨ ਹੀਣਤਾ, ਵਿਵਸਥਾ ਵੱਲੋਂ ਦੁਰਕਾਰੇ ਜਾਣ, ਉਚ-ਨੀਚ, ਛੂਆ-ਛੂਤ, ਭਿੱਟ, ਬੁਰਾ ਵਿਹਾਰ, ਅਣਮਨੁੱਖੀ ਸਲੂਕ ਆਦਿ ਦੇ ਤੌਰ ’ਤੇ ਦੇਖਦੇ ਹਾਂ ਤਾਂ ਕਿਸੇ ਵੀ ਦਲਿਤ ਲੇਖਕ ਦੀ ਹਾਲਤ ਇਕ ਦੂਜੇ ਤੋਂ ਬਿਲਕੁਲ ਵੀ ਭਿੰਨ ਨਹੀਂ ਲੱਗਦੀ।

ਦਲਿਤ ਵਰਗ ਦਾ ਵਿਅਕਤੀ ਸਾਰੀਆਂ ਹੀ ਦਲਿਤ ਸ੍ਵੈ-ਜੀਵਨੀਆਂ ਵਿਚ ਪੰਜ ਤਰ੍ਹਾਂ ਦੀ ਗ਼ੁਲਾਮੀ ਦਾ ਦੁੱਖ (ਮਾਨਸਿਕ, ਸਰੀਰਕ, ਸਭਿਆਚਾਰਕ, ਰਾਜਸੀ ਅਤੇ ਆਰਥਿਕ) ਭੋਗਦਾ ਨਜ਼ਰ ਆਉਂਦਾ ਹੈ। ਹੋਰ ਤਾਂ ਹੋਰ ਕਥਿਤ ਲੋਕ ਪੱਖੀ ਕਹਾਉਣ ਵਾਲੀਆਂ ਮਾਰਕਸੀ ਵਿਚਾਰਾਂ ਨਾਲ ਲੈਸ ਪਾਰਟੀਆਂ ਦੇ ਸਿਰਕੱਢ ਆਗੂ ਵੀ ਦਲਿਤ ਕਾਡਰ ਨਾਲ ਜਿੱਥੇ ਦਾਅ ਲੱਗਦਾ ਹੈ ਜਾਤੀ ਵਿਤਕਰਾ ਕਰਨ ਤੋਂ ਗੁਰੇਜ਼ ਨਹੀਂ ਕਰਦੇ। ਇਨ੍ਹਾਂ ਦਲਿਤ ਸ੍ਵੈ-ਜੀਵਨੀਆਂ ਵਿਚ ਪੇਸ਼ ਹੋਈਆਂ ਦਲਿਤ ਪਛਾਣਾਂ ਦਾ ਨਿਰਮਾਣ ਸਿਰਫ਼ ਤੇ ਸਿਰਫ਼ ਗਰੀਬੀ, ਲਾਚਾਰੀ, ਬੇਬਸੀ ਅਤੇ ਤ੍ਰਿਸਕਾਰੀ ਦੀ ਭਾਵਨਾ ’ਤੇ ਹੀ ਆਸ਼ਰਿਤ ਹੈ, ਜਿਹੜਾ ਕਿ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਇਨ੍ਹਾਂ ਪਛਾਣਾਂ ਵਿਚ ਆਏ ਦਲਿਤਾਂ ਨਾਲ ਸਿਰਫ਼ ਤੇ ਸਿਰਫ਼ ਦਲਿਤ ਜਾਤੀ ਨਾਲ ਸੰਬੰਧਿਤ ਹੋਣ ਕਰਕੇ ਹੀ ਧੱਕਾ ਹੋਇਆ ਹੈ।

ਇਨ੍ਹਾਂ ਦਲਿਤ ਸ੍ਵੈ-ਜੀਵਨੀਆਂ ਦੀ ਪੜ੍ਹਤ ਸਾਨੂੰ ਇਸ ਗੱਲ ਤੋਂ ਵੀ ਜਾਣੂ ਕਰਵਾਉਂਦੀ ਹੈ ਕਿ ਸ੍ਵੈ-ਜੀਵਨੀ ਸਿਰਫ਼ ਕਿਸੇ ਇਕ ਵਿਅਕਤੀ ਦੀ ਹੋਂਦ/ਪਛਾਣ ਤੱਕ ਹੀ ਮਹਿਦੂਦ ਨਹੀਂ ਹੁੰਦੀ, ਸਗੋਂ ਇਹ ਕਿਸੇ ਖ਼ਾਸ ਵਰਗ ਜਾਂ ਸਮੂਹ ਦੀ ਨਿਰਮਾਣਕਾਰੀ ਵੀ ਕਰਦੀ ਹੈ। ਇਹੀ ਨਹੀਂ ਸਗੋਂ ਸ੍ਵੈ-ਜੀਵਨੀ ਤਾਂ ਚੇਤਨ ਪੱਧਰ ’ਤੇ ਵਿਅਕਤੀ ਦੀ ਵਿਚਾਰਧਾਰਾ ਦੇ ਅਨੁਸਾਰੀ ਹੋ ਕੇ ਸ੍ਵੈ-ਇੱਛਤ ਦਿਸ਼ਾ ਅਨੁਸਾਰ ਚੱਲਦੀ ਹੈ। ਦਲਿਤ ਲੇਖਕ ਆਪਣੀਆਂ ਸ੍ਵੈ-ਜੀਵਨੀਆਂ ਵਿਚ ਇਕ ਮਨੁੱਖੀ ਪਛਾਣ ਦੇ ਤੌਰ ’ਤੇ ਬਿਲਕੁਲ ਵੀ ਨਹੀਂ ਵਿਚਰਦੇ, ਸਗੋਂ ਉਹ ਸ੍ਵੈ-ਜੀਵਨੀ ਵਿਚਲੇ ਦਲਿਤ ਪਾਤਰਾਂ ਦੀ ਹੋਣੀ ਨੂੰ ਵੀ ਆਪਣੇ ਪਿੰਡੇ ’ਤੇ ਹੰਢਾਉਂਦੇ ਪ੍ਰਤੀਤ ਹੁੰਦੇ ਹਨ। ਦਲਿਤ ਸ੍ਵੈ-ਜੀਵਨੀਕਾਰਾਂ ਦਾ ਆਪਣੀਆਂ ਸ੍ਵੈ-ਜੀਵਨੀਆਂ ਵਿਚ ਇਸ ਪ੍ਰਕਾਰ ਵਿਚਰਨਾ ਸਾਡੇ ਸਾਹਮਣੇ ਇਹ ਸਵਾਲ ਖੜਾ ਕਰਦਾ ਹੈ ਕੀ ਦਲਿਤ ਤੋਂ ਬਿਨਾਂ ਜੋ ਪਛਾਣਾਂ ਸ੍ਵੈ-ਜੀਵਨੀਕਾਰਾਂ ਨੇ ਹੰਢਾਈਆਂ ਹਨ, ਉਨ੍ਹਾਂ ਦਾ ਲੇਖਾ-ਜੋਖਾ ਕਿੱਥੇ ਹੈ? ਕੀ ਕੋਈ ਵਿਅਕਤੀ ਹਰ ਸਮੇਂ ਹੀ ਦਲਿਤ ਜਾਂ ਉੱਚ ਜਾਤੀ ਦੀ ਪਛਾਣ ਨਾਲ ਹੀ ਜਿਊਂਦਾ ਹੈ? ਕੀ

ਦਲਿਤ ਸ੍ਵੈ-ਜੀਵਨੀਆਂ ਦੀ ਸਿਰਜਣਾ ਸਿਰਫ਼ ਤੇ ਸਿਰਫ਼ ਜਾਤੀ-ਪਾਤੀ ਪੀੜਾਂ ਦੀ ਹੀ ਪੇਸ਼ਕਾਰੀ ਕਰਦੀ ਹੈ? ਕੀ ਕਦੇ ਵੀ ਦਲਿਤ ਸ੍ਵੈ-ਜੀਵਨੀਕਾਰਾਂ ਦੀ ਜ਼ਿੰਦਗੀ ਵਿਚ ਕੋਈ ਖੁਸ਼ੀ ਨਹੀਂ ਆਈ? ਜੇ ਆਈ ਹੈ ਤਾਂ ਉਹ ਸ੍ਵੈ-ਜੀਵਨੀ ਦੇ ਬਿਰਤਾਂਤਾਂ ਦਾ ਮੁਕੰਮਲ ਹਿੱਸਾ ਕਿਉਂ ਨਹੀਂ ਬਣੀ? ਕੀ ਦਲਿਤ ਸ੍ਵੈ-ਜੀਵਨੀਕਾਰ ਜੀਵਨ ਜਿਉਂਦੇ ਆਪਣੇ ਪਰਿਵਾਰਾਂ ਨਾਲ ਨਹੀਂ ਵਿਚਰਦੇ? ਜੇ ਵਿਚਰਦੇ ਹਨ ਤਾਂ ਸ੍ਵੈ-ਜੀਵਨੀ ਵਿਚ ਪਰਿਵਾਰਕ ਮੈਂਬਰਾਂ ਨੂੰ ਸ਼ੁਰੂ ਤੋਂ ਅੰਤ ਤੱਕ ਵੇਰਵੇ ਸਹਿਤ ਕਿਉਂ ਨਹੀਂ ਸ਼ਾਮਲ ਕਰਦੇ?

ਦਲਿਤ ਸ੍ਵੈ-ਜੀਵਨੀ ਨਾਲ ਸੰਬੰਧਤ ਇਨ੍ਹਾਂ ਸੁਆਲਾਂ ਨੂੰ ਗਾਇਤਰੀ ਸਪੀਵਾਕ ਦੇ ਲੇਖ 'ਕੈਨ ਦ ਸਬਾਲਟਰਨ ਸਪੀਕ' ਦੇ ਹਵਾਲੇ ਰਾਹੀਂ ਵਿਚਾਰਿਆ ਜਾ ਸਕਦਾ ਹੈ। ਇਸ ਲੇਖ ਵਿਚ ਸਪੀਵਾਕ ਦੱਸਦੀ ਹੈ ਕਿ ਹਾਸ਼ੀਆਗਤ ਬੰਦੇ ਕੋਲ ਪ੍ਰਵਚਨ ਦੀ ਤਾਕਤ ਨਹੀਂ, ਜਿਸ ਕਾਰਨ ਉਹ ਆਪਣੇ 'ਤੇ ਹੋਏ ਤਸ਼ੱਦਦ ਬਾਰੇ ਚੁੱਪ ਹੀ ਰਹਿੰਦਾ ਹੈ। ਮੱਧਵਰਗੀ ਬੁੱਧੀਜੀਵੀ ਆਪਣੀ ਵਿਚਾਰਧਾਰਕ ਪ੍ਰਤੀਬੱਧਤਾ ਮੁਤਾਬਕ ਉਸਨੂੰ ਪੇਸ਼ਕਾਰੀ ਦਾ ਵਿਸ਼ਾ ਬਣਾ ਕੇ ਕਿਸੇ ਇਕ ਚੌਖਟੇ ਵਿਚ ਜੜ ਲੈਂਦਾ ਹੈ ਅਤੇ ਉਸਦੀ ਪਛਾਣ ਦਾ ਤਰਕ ਆਪਣੀ ਸੋਚ ਮੁਤਾਬਕ ਘੜ ਲੈਂਦਾ ਹੈ। ਸਪੀਵਾਕ ਇਸਨੂੰ 'ਰਣਨੀਤਕ ਪੈਂਤੜੇਬਾਜ਼ੀ' (Strategic Essentialism) ਕਹਿੰਦੀ ਹੈ।[13] ਪੰਜਾਬੀ ਦਲਿਤ ਸ੍ਵੈ-ਜੀਵਨੀਕਾਰ ਵੀ ਆਪਣੀਆਂ ਸ੍ਵੈ-ਜੀਵਨੀਆਂ ਵਿਚ ਇਸ ਕਿਸਮ ਦੀ ਰਣਨੀਤੀ ਵਰਤਦੇ ਹਨ। ਇੱਥੇ ਵਿਚਾਰਨਯੋਗ ਨੁਕਤਾ ਇਹ ਹੈ ਕਿ ਸਪੀਵਾਕ ਇਹ ਵੀ ਕਹਿੰਦੀ ਹੈ ਕਿ ਬੇਸ਼ੱਕ ਹਾਸ਼ੀਆਗਤ ਸਮੂਹਾਂ ਦੀ ਅਜਿਹੀ ਪੇਸ਼ਕਾਰੀ ਮੱਧਵਰਗੀ ਬੁੱਧੀਜੀਵੀ ਦੀ ਪੈਂਤੜੇਬਾਜ਼ੀ ਹੈ ਪਰ ਸਦੀਆਂ ਤੋਂ ਲਿਤਾੜੇ ਲੋਕਾਂ ਦੀ ਪ੍ਰਵਚਨ ਵਿਚ ਪੁਨਰ-ਵਾਪਸੀ ਲਈ ਅਜਿਹੀ ਪੈਂਤੜੇਬਾਜ਼ੀ ਲੋੜੀਂਦੀ ਵੀ ਹੈ।

## ਹਵਾਲੇ ਅਤੇ ਟਿੱਪਣੀਆਂ

---

1. ਗੁਰਮੁਖ ਸਿੰਘ (ਡਾ.), ਸਮਕਾਲੀ ਦ੍ਰਿਸ਼-ਸਭਿਆਚਾਰ ਅਤੇ ਪੰਜਾਬੀ ਪਛਾਣ, ਗਰੇਸ਼ੀਅਰਸ ਬੁੱਕਸ, ਪਟਿਆਲਾ, 2017, ਪੰ. -45
2. ਵਿਮਲ ਥੋਰਾਤ, ਮਰਾਠੀ ਦਲਿਤ ਆਤਮਕਥਨ: ਸਮਾਜਿਕ ਯਥਾਰਥ ਕਾ ਦਸਤਾਵੇਜ਼, (ਦਲਿਤ ਔਰ ਅਵਸ਼ੇਤ ਸਾਹਿਤਯ ਕੁਛ ਵਿਚਾਰ, ਸੰਪਾਦਕ ਚਮਨ ਲਾਲ), ਭਾਰਤੀਯ ਉੱਚ ਅਧਿਯੈਨ ਸੰਸਥਾਨ, ਸ਼ਿਮਲਾ, 2001, ਪੰ. -116

[3]. ਲਾਲ ਸਿੰਘ ਦਿਲ, ਦਾਸਤਾਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਐਡੀਸ਼ਨ ਤੀਜਾ 2014, ਪੰ. -28-29

[4]. ਬਲਬੀਰ ਮਾਧੋਪੁਰੀ, ਛਾਂਗਿਆ ਰੁੱਖ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ,2014, ਪੰ. -74-75

[5]. ਸਰੂਪ ਸਿਆਲਵੀ, ਜ਼ਲਾਲਤ, ਪਰਵਾਜ਼ ਪ੍ਰਕਾਸ਼ਨ, ਧਰਮਪੁਰ, 2013, ਪੰ. -8

[6]. ਪ੍ਰੇਮ ਗੋਰਖੀ, ਗ਼ੈਰ-ਹਾਜ਼ਿਰ ਆਦਮੀ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2007, ਪੰ. -165

[7]. ਲਾਲ ਸਿੰਘ ਦਿਲ, ਦਾਸਤਾਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਅਡੀਸ਼ਨ ਤੀਜਾ 2014, ਪੰ.-115

[8]. ਅਤਰਜੀਤ, ਅੱਕ ਦਾ ਦੁੱਧ, ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਬਠਿੰਡਾ, ਦੂਜਾ ਐਡੀਸ਼ਨ ਜੁਲਾਈ 2017, ਪੰ. -202

[9]. ਸਰੂਪ ਸਿਆਲਵੀ, ਜ਼ਲਾਲਤ, ਪਰਵਾਜ਼ ਪ੍ਰਕਾਸ਼ਨ, ਧਰਮਪੁਰ, 2013, ਪੰ. -74-75

[10]. ਅਤਰਜੀਤ, ਅੱਕ ਦਾ ਦੁੱਧ, ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਬਠਿੰਡਾ, ਦੂਜਾ ਐਡੀਸ਼ਨ ਜੁਲਾਈ 2017, ਪੰ. -102

[11]. ਉਹੀ, ਪੰ. -173

[12]. ਲਾਲ ਸਿੰਘ ਦਿਲ, ਦਾਸਤਾਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਐਡੀਸ਼ਨ ਤੀਜਾ 2014, ਪੰ. -90

[13]. Gaytri Chakrovorty Spivak, 'Can The Subaltran Speak?' In Cary Nelson and Lawrence Grossberg (eds) Marxism and the Interpretation of culture, London: Macmillan, 1988, P. -307.